ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ          ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਬੁੱਧਵਾਰ 11 ਜੂਨ 2025 • ਸਾਲ 1 • ਅੰਕ 68 • ਪੰਨੇ 8 • Daily online PANJ AAB Newspaper • Germany & India • www.5aab.media

### ਫਾਸਟ ਟਰੈਕ ਪੋਰਟਲ ਪੰਜਾਬ ਵਿੱਚ ਉਦਯੋਗਿਕ ਕ੍ਰਾਂਤੀ ਲਿਆਏਗਾ

# ਹੁਣ ਕਾਰੋਬਾਰ ਕਰਨ ਵਿੱਚ ਸੌਖ' ਕੋਈ ਵਾਅਦਾ ਨਹੀਂ, ਸਗੋਂ ਗਰੰਟੀ: ਅਰਵਿੰਦ ਕੇਜਰੀਵਾਲ

### 'ਸਿਰਫ਼ ਤਿੰਨ ਸਾਲਾਂ ਵਿੱਚ ਅਸੀਂ ਸਾਰਿਆਂ ਲਈ ਭਲਾਈ ਅਤੇ ਉਦਯੋਗਿਕ ਵਿਕਾਸ ਲਈ ਅਨੁਕੂਲ ਮਾਹੌਲ ਬਣਾਇਆ ਹੈ' : ਮੁੱਖ ਮੰਤਰੀ ਭਗਵੰਤ ਮਾਨ






**ਮੋਹਾਲੀ , 10 ਜੂਨ ( ਅਸ਼ੋਕ ਜੋਸ਼ੀ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਨੂੰ ਦੇਸ਼ ਦੇ ਉਦਯੋਗਿਕ ਹੱਬ ਵਜੋਂ ਉਭਾਰਨ ਵਾਸਤੇ ਉਦਯੋਗਪਤੀਆਂ ਨੂੰ ਫਾਸਟਟਰੈਕ ਪੋਰਟਲ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ।

ਇੱਥੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਫਾਸਟਟ ?ਰੈਕ ਪੰਜਾਬ ਪੋਰਟਲ ਨਿਵੇਸ਼ਕਾਂ ਨੂੰ ਅਰਜ਼ੀ ਦੇਣ ਦੇ 45 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਪ੍ਰਵਾਨਗੀਆਂ ਦੇਣਾ ਯਕੀਨੀ ਬਣਾਏਗਾ ਅਤੇ ਇਹ ਉਦਯੋਗਿਕ ਮਾਡਲ ਸ਼ਾਸਨ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਦੁਹਰਾਇਆ ਕਿ ਇਹ ਸੁਧਾਰਾਂ ਦੀ ਲੜੀ ਵਿੱਚ ਇੱਕ ਨਵੀਂ ਲਹਿਰ ਦੀ ਸ਼ੁਰੂਆਤ ਹਨ, ਜਿੱਥੇ ਕਾਰੋਬਾਰ ਕਰਨ ਲਈ ਸੁਖਾਵਾਂ ਮਾਹੌਲ ਇੱਕ ਨਾਅਰਾ ਨਾ ਰਹਿ ਕੇ ਇੱਥੋਂ ਦਾ ਸੱਭਿਆਚਾਰ ਬਣ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਿੰਮਤੀਆਂ ਅਤੇ ਉੱਦਮੀਆਂ ਦੀ ਧਰਤੀ ਰਿਹਾ ਹੈ ਅਤੇ ਹੁਣ ਇਹ ਉਸੇ ਭਾਵਨਾ ਨਾਲ ਭਾਰਤ ਦੇ ਉਦਯੋਗਿਕ ਪੁਨਰ-ਉਥਾਨ ਦੀ ਅਗਵਾਈ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਸੂਬਾ ਸਰਕਾਰ ਨੇ ਸਮਾਜ ਦੇ ਹਰ ਵਰਗ ਨੂੰ ਲਾਭ ਪਹੁੰਚਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਉਦਯੋਗਪਤੀਆਂ ਨੂੰ ਏ.ਟੀ.ਐਮ. ਮੰਨਿਆ ਜਾਂਦਾ ਸੀ, ਜੋ ਸਿਰਫ਼ ਚੋਣਾਂ ਦੌਰਾਨ ਫੰਡ ਦਿੰਦੇ ਸਨ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਉਦਯੋਗਪਤੀ ਸਿਰਫ਼ ਆਪਣੇ ਕੰਮ ਕਰਵਾਉਣ ਦੇ ਅਧਿਕਾਰ ਲਈ ਰਵਾਇਤੀ ਪਾਰਟੀਆਂ ਨੂੰ ਫੰਡ ਦਿੰਦੇ ਸਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਉਦਯੋਗਪਤੀਆਂ ਦੀ ਸਹੂਲਤ ਲਈ ਕਈ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ, ਜਿਸ ਨੇ ਵਿਲੱਖਣ ਕਲਰ ਕੋਡ ਵਾਲੇ ਸਟੈਂਪ ਪੇਪਰ ਸ਼ੁਰੂ ਕੀਤੇ ਹਨ ਤਾਂ ਜੋ ਸੂਬੇ ਵਿੱਚ ਆਪਣੇ ਯੂਨਿਟ ਸਥਾਪਤ ਕਰਨ ਲਈ ਉੱਦਮੀਆਂ ਨੂੰ ਵਿਸ਼ੇਸ਼ ਸਹੂਲਤ ਦਿੱਤੀ ਜਾ ਸਕੇ, ਜਿਸ ਨਾਲ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਇਨਕਲਾਬੀ ਕਦਮ ਦਾ ਉਦੇਸ਼ ਸੂਬੇ ਵਿੱਚ ਆਪਣੀਆਂ ਯੂਨਿਟਾਂ ਸਥਾਪਤ ਕਰਨ ਦੇ ਚਾਹਵਾਨ ਉੱਦਮੀਆਂ ਲਈ ਕਾਰੋਬਾਰ ਕਰਨ ਦੀ ਸੌਖ ਨੂੰ ਉਤਸ਼ਾਹਿਤ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਉਦਯੋਗਪਤੀ ਜੋ ਸੂਬੇ ਵਿੱਚ ਆਪਣੀ ਉਦਯੋਗਿਕ ਇਕਾਈ ਸਥਾਪਤ ਕਰਨ ਦਾ ਇੱਛੁਕ ਹੈ, ਉਹ 'ਇਨਵੈਸਟ ਪੰਜਾਬ' ਪੋਰਟਲ ਤੋਂ ਇਹ ਵਿਲੱਖਣ ਕਲਰ ਕੋਡ ਵਾਲਾ ਸਟੈਂਪ ਪੇਪਰ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਆਪਣੀ ਇਕਾਈ ਸਥਾਪਤ ਕਰਨ ਲਈ ਸੀ.ਐਲ.ਯੂ., ਜੰਗਲਾਤ, ਪ੍ਰਦੂਸ਼ਣ, ਫਾਇਰ ਬ੍ਰਿਗੇਡ ਅਤੇ ਹੋਰ ਪ੍ਰਵਾਨਗੀਆਂ ਪ੍ਰਾਪਤ ਕਰਨ ਵਾਸਤੇ ਸਿਰਫ਼ ਇਹ ਸਿੰਗਲ ਸਟੈਂਪ ਪੇਪਰ ਖਰੀਦ ਕੇ ਲੋੜੀਂਦੀਆਂ ਵੱਖ-ਵੱਖ ਫ਼ੀਸਾਂ ਦਾ ਭੁਗਤਾਨ ਕਰ ਸਕਣਗੇ। ਭਗਵੰਤ ਮਾਨ ਨੇ ਕਿਹਾ ਕਿ ਸਟੈਂਪ ਪੇਪਰ ਖਰੀਦਣ ਤੋਂ ਬਾਅਦ ਉਦਯੋਗਪਤੀ ਨੂੰ ਆਪਣੀ ਇਕਾਈ ਸਥਾਪਤ ਕਰਨ ਲਈ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਵਿਭਾਗਾਂ ਤੋਂ ਸਾਰੀਆਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਇਸ ਦੇ ਨਾਲ ਹੀ ਦੇਸ਼ ਦੇ ਕਈ ਹੋਰ ਸੂਬੇ ਵੀ ਇਸੇ ਰਣਨੀਤੀ ਨੂੰ ਅਪਣਾਉਣ ਵਿੱਚ ਦਿਲਚਸਪੀ ਦਿਖਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਦੀ ਲੋੜ ਅਨੁਸਾਰ ਅਤੇ ਉਨ੍ਹਾਂ ਦੀ ਸਹੂਲਤ ਲਈ ਉਦਯੋਗਾਂ (**ਬਾਕੀ 2 ਤੇ**)



# ਐਸਐਚਓ ਬਣਿਆ ਰਿਕਸ਼ਾ ਚਾਲਕ ਫਿਲਮੀ ਅੰਦਾਜ਼ 'ਚ MP ਪੁਲਿਸ ਨੇ 2 ਤਸਕਰਾਂ ਨੂੰ ਜਲੰਧਰ ਤੋਂ ਕੀਤਾ ਗ੍ਰਿਫ਼ਤਾਰ



**ਜਲੰਧਰ (ਬਾਠ)** ਮੱਧ ਪ੍ਰਦੇਸ਼ ਦੇ ਖਰਗੋਨ ਜ਼ਿਲ੍ਹੇ ਦੀ ਪੁਲਿਸ ਨੇ ਜਲੰਧਰ ਤੋਂ 2 ਹਥਿਆਰ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਦੋਵਾਂ ਤਸਕਰਾਂ ਨੂੰ ਫੜਨ ਲਈ ਫਿਲਮੀ ਅੰਦਾਜ਼ ਅਪਣਾਇਆ। ਦਰਅਸਲ, ਜੈਤਾਪੁਰ ਥਾਣੇ ਦੇ ਸਟੇਸ਼ਨ ਇੰਚਾਰਜ ਤੇ ਉਨ੍ਹਾਂ ਦੀ ਟੀਮ ਨੇ ਜਲੰਧਰ ਦੇ ਸ਼ਾਹਕੋਟ ਵਿੱਚ ਇੱਕ ਹਫ਼ਤੇ ਤੱਕ ਭੇਸ ਬਦਲ ਕੇ ਨਿਗਰਾਨੀ ਰੱਖੀ। ਜਿਸ ਤੋਂ ਬਾਅਦ ਅੰਤ ਵਿੱਚ 2 ਫਰਾਰ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ। ਇਸ ਦੌਰਾਨ, ਇੱਕ ਪੁਲਿਸ ਵਾਲਾ ਰਿਕਸ਼ਾ ਚਾਲਕ ਬਣ ਗਿਆ ਅਤੇ ਦੂਜਾ ਗੰਨੇ ਦਾ ਰਸ ਵੇਚਦਾ ਦਿਖਾਈ ਦਿੱਤਾ।

**ਐਮਪੀ ਤੋਂ ਫ਼ਰਾਰ ਹੋ ਕੇ ਪਹੁੰਚੇ ਸਨ ਪੰਜਾਬ**

ਦਰਅਸਲ, 30 ਮਈ ਨੂੰ, ਖਰਗੋਨ ਪੁਲਿਸ ਨੇ 2 ਹਥਿਆਰ ਤਸਕਰਾਂ ਵੀਰਪਾਲ ਸਿੰਘ ਅਤੇ ਜਗਵਿੰਦਰ ਸਿੰਘ ਨੂੰ ਗੈਰ-ਕਾਨੂੰਨੀ ਦੇਸੀ ਪਿਸਤੌਲ ਅਤੇ ਜ਼ਿੰਦਾ ਕਾਰਤੂਸਾਂ ਸਮੇਤ ਗ੍ਰਿਫ਼ਤਾਰ ਕੀਤਾ। ਪਰ ਉਸੇ ਰਾਤ ਦੋਵੇਂ ਦੋਸ਼ੀ ਜੈਤਾਪੁਰ ਥਾਣੇ ਤੋਂ ਫਰਾਰ ਹੋ ਗਏ। ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ, ਐੱਸਪੀ ਨੇ ਇੱਕ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾਈ।

ਜਾਂਚ ਵਿੱਚ ਸਾਹਮਣੇ ਆਇਆ ਕਿ ਦੋਵੇਂ ਦੋਸ਼ੀ ਆਗਰਾ-ਮੁੰਬਈ ਹਾਈਵੇਅ ਤੋਂ ਪੰਜਾਬ ਦੇ ਰਸਤੇ ਇੱਕ ਲੰਘਦੇ ਟਰੱਕ ਵਿੱਚ ਭੱਜ ਗਏ ਸਨ। ਸੂਚਨਾ ਦੇ ਆਧਾਰ 'ਤੇ ਪੁਲਿਸ ਟੀਮ ਜਲੰਧਰ ਪਹੁੰਚੀ। ਇੱਕ ਟੀਮ (**ਬਾਕੀ 2 ਤੇ**)

# ਦਿੱਲੀ: ਦਵਾਰਕਾ ਦੇ ਇੱਕ ਘਰ ਵਿੱਚ ਲੱਗੀ ਭਿਆਨਕ ਅੱਗ

### ਸਤਵੀਂ ਮੰਜ਼ਿਲ ਤੋਂ ਛਾਲ ਮਾਰਨ ਕਰਕੇ ਪਿਤਾ-ਪੁੱਤਰ ਸਮੇਤ 3 ਦੀ ਮੌਤ



**ਨਵੀਂ ਦਿੱਲੀ।** ਦਿੱਲੀ ਦੇ ਦਵਾਰਕਾ ਸੈਕਟਰ ਵਿੱਚ ਮੰਗਲਵਾਰ ਨੂੰ ਇੱਕ ਘਰ ਵਿੱਚ ਭਿਆਨਕ ਅੱਗ ਲੱਗ ਗਈ। ਇਹ ਅੱਗ ਇਮਾਰਤ ਦੀ ਦੂਜੀ ਮੰਜ਼ਿਲ 'ਤੇ ਲੱਗੀ, ਪਰ ਅੱਗ ਲੱਗਣ ਕਾਰਨ ਪਿਤਾ ਨੇ ਆਪਣੇ 2 ਬੱਚਿਆਂ ਸਮੇਤ ਘਰ ਤੋਂ ਹੇਠਾਂ ਛਾਲ ਮਾਰ ਦਿੱਤੀ, ਜਿਸ ਕਾਰਨ ਤਿੰਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਲਾਂਕਿ, ਹਾਦਸੇ ਵਿੱਚ ਉਨ੍ਹਾਂ ਦੀ ਪਤਨੀ ਅਤੇ ਇੱਕ ਬੇਟਾ ਸੁਰੱਖਿਅਤ ਬੱਚ ਗਏ ਹਨ।

ਸੱਤਵੀਂ ਮੰਜ਼ਿਲ 'ਤੇ ਅੱਗ ਲੱਗਣ ਕਾਰਨ, 2 ਬੱਚਿਆਂ (ਇੱਕ ਮੁੰਡਾ ਅਤੇ ਇੱਕ ਕੁੜੀ, ਦੋਵੇਂ 10 ਸਾਲ) ਨੇ ਆਪਣੇ ਆਪ ਨੂੰ ਬਚਾਉਣ ਲਈ ਬਾਲਕੋਨੀ ਤੋਂ ਹੇਠਾਂ ਛਾਲ ਮਾਰ ਦਿੱਤੀ, ਉਨ੍ਹਾਂ ਨੂੰ ਆਕਾਸ਼ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਾਅਦ ਵਿੱਚ ਉਨ੍ਹਾਂ ਦੇ ਪਿਤਾ ਯਸ਼ ਯਾਦਵ (35 ਸਾਲ) ਨੇ ਵੀ ਆਪਣੇ ਆਪ ਨੂੰ ਬਚਾਉਣ ਲਈ ਬਾਲਕੋਨੀ ਤੋਂ ਹੇਠਾਂ ਛਾਲ ਮਾਰ ਦਿੱਤੀ, ਉਨ੍ਹਾਂ ਨੂੰ ਤੁਰੰਤ ਆਈਜੀਆਈ ਹਸਪਤਾਲ ਲਿਜਾਇਆ ਗਿਆ, ਪਰ ਉਨ੍ਹਾਂ ਨੂੰ ਵੀ ਮ੍ਰਿਤਕ ਐਲਾਨ ਦਿੱਤਾ ਗਿਆ। ਯਸ਼ ਯਾਦਵ ਫਲੈਕਸ ਬੋਰਡ ਦੇ ਕਾਰੋਬਾਰ ਨਾਲ ਜੁੜੇ ਹੋਏ ਸਨ। ਹਾਲਾਂਕਿ, ਯਸ਼ ਦੀ ਪਤਨੀ ਅਤੇ ਵੱਡਾ ਪੁੱਤਰ ਅੱਗ ਤੋਂ ਬਚ ਗਏ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ਨੂੰ ਡਾਕਟਰੀ ਸਹਾਇਤਾ ਲਈ ਆਈਜੀਆਈ ਹਸਪਤਾਲ ਭੇਜਿਆ ਗਿਆ ਹੈ। ਪਰਿਵਾਰ ਦੀ ਸਹਾਇਤਾ ਲਈ ਆਕਾਸ਼ ਅਤੇ ਆਈਜੀਆਈ ਹਸਪਤਾਲ ਦੋਵਾਂ ਵਿੱਚ ਟੀਮਾਂ ਤਾਇਨਾਤ ਕੀਤੀਆਂ (**ਬਾਕੀ 2 ਤੇ**)

# ਜਲੰਧਰ 'ਚ ਫਲਿੱਪਕਾਰਟ ਕਰਮਚਾਰੀ ਤੋਂ 1.50 ਲੱਖ ਦੀ ਲੁੱਟ

### ਬਦਮਾਸ਼ਾਂ ਨੇ ਬੰਦੂਕ ਦੀ ਨੋਕ 'ਤੇ ਦਿੱਤਾ ਵਾਰਦਾਤ ਨੂੰ ਅੰਜ਼ਾਮ

**ਜਲੰਧਰ (ਬਾਠ)** ਜਲੰਧਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਹਰ ਰੋਜ਼ ਡਕੈਤੀ ਅਤੇ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਆਦਮਪੁਰ ਤੇ ਇਸਦੇ ਆਸ ਪਾਸ ਦੇ ਪਿੰਡਾਂ ਵਿੱਚ, ਲੁਟੇਰੇ ਆਉਣ-ਜਾਣ ਵਾਲੇ ਲੋਕਾਂ ਨੂੰ ਸ਼ਰੇਆਮ ਲੁੱਟ ਰਹੇ ਹਨ। ਲੁਟੇਰੇ ਸ਼ਰੇਆਮ ਪਿਸਤੌਲ ਅਤੇ ਤੇਜ਼ਧਾਰ ਹਥਿਆਰਾਂ ਨਾਲ ਦਿਨ-ਦਿਹਾੜੇ ਅਪਰਾਧ ਕਰ ਰਹੇ ਹਨ।




ਡਕੈਤੀ ਦਾ ਤਾਜ਼ਾ ਮਾਮਲਾ ਆਦਮਪੁਰ ਦੇ ਸਪੋਰਟਸ ਸਟੇਡੀਅਮ ਰੋਡ ਸ਼ਿਵਪੁਰੀ ਨੇੜੇ ਸਾਹਮਣੇ ਆਇਆ ਹੈ। ਜਿੱਥੇ ਦੁਪਹਿਰ ਸਮੇਂ ਫਲਿੱਪਕਾਰਟ ਕੰਪਨੀ ਦੇ ਇੱਕ ਕਰਮਚਾਰੀ ਨੂੰ ਲੁਟੇਰਿਆਂ ਨੇ ਬੰਦੂਕ ਦੀ ਨੋਕ 'ਤੇ ਲੁੱਟ ਲਿਆ। ਬਾਈਕ ਸਵਾਰ ਲੁਟੇਰਿਆਂ ਨੇ ਰਸਤੇ ਵਿੱਚ ਨੌਜਵਾਨ ਨੂੰ ਪਿਸਤੌਲ ਅਤੇ ਕੁਹਾੜੀਆਂ ਨਾਲ ਘੇਰ ਲਿਆ। ਜਿਸ ਤੋਂ ਬਾਅਦ ਉਨ੍ਹਾਂ ਨੇ ਉਸ 'ਤੇ ਹਮਲਾ ਕਰ ਦਿੱਤਾ ਅਤੇ 1.5 ਲੱਖ ਰੁਪਏ ਲੈ ਕੇ ਭੱਜ ਗਏ।

ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪਿੰਡ ਦੁਹੜੇ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਪੁੱਤਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਫਲਿੱਪਕਾਰਟ ਕੰਪਨੀ ਵਿੱਚ ਕੰਮ ਕਰਦਾ ਹੈ ਅਤੇ ਰੋਜ਼ਾਨਾ ਵਾਂਗ ਦੁਕਾਨਾਂ 'ਤੇ (**ਬਾਕੀ 2 ਤੇ**)

# ਬਨਾਸ ਨਦੀ 'ਚ 8 ਬੱਚਿਆਂ ਦੀ ਡੁੱਬਣ ਕਾਰਨ ਮੌਤ

### 11 ਬੱਚੇ ਗਏ ਸਨ ਨਹਾਉਣ, ਇਲਾਕੇ 'ਚ ਦਹਿਸ਼ਤ

**ਟੋਂਕ।** ਰਾਜਸਥਾਨ ਦੇ ਟੋਂਕ ਵਿੱਚ ਇੱਕ ਵੱਡਾ ਹਾਦਸਾ ਵਾਪਰਿਆ ਹੈ। ਇੱਥੇ ਬਨਾਸ ਨਦੀ 'ਤੇ ਬਣੇ ਫਰੇਜ਼ਰ ਪੁਲ ਨੇੜੇ ਨਹਾਉਂਦੇ ਸਮੇਂ ਡੁੱਬਣ ਕਾਰਨ 8 ਨੌਜਵਾਨਾਂ ਦੀ ਮੌਤ ਹੋ ਗਈ ਹੈ। 11 ਨੌਜਵਾਨ ਨਦੀ ਵਿੱਚ ਨਹਾਉਣ ਗਏ ਸਨ। ਹਾਦਸੇ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਪੁਰਾਣੇ ਫਰੇਜ਼ਰ ਪੁਲ ਨੇੜੇ ਨਹਾਉਂਦੇ ਸਨ। ਅਚਾਨਕ ਡੂੰਘਾਈ ਵਿੱਚ ਜਾਣ ਕਾਰਨ ਸਾਰੇ ਨੌਜਵਾਨ ਇੱਕ ਤੋਂ ਬਾਅਦ ਇੱਕ ਡੁੱਬਣ ਲੱਗ ਪਏ।

ਸਥਾਨਕ ਲੋਕਾਂ ਦੀ ਮਦਦ ਨਾਲ ਕੁਝ ਨੌਜਵਾਨਾਂ ਨੂੰ ਹਸਪਤਾਲ ਲਿਜਾਇਆ ਗਿਆ। ਜ਼ਖਮੀ ਨੌਜਵਾਨਾਂ ਦਾ ਇਲਾਜ ਟੋਂਕ ਸਾਦਤ ਹਸਪਤਾਲ ਵਿੱਚ ਚੱਲ ਰਿਹਾ ਹੈ। ਹਸਪਤਾਲ ਦੇ ਅਹਾਤੇ ਵਿੱਚ ਭਾਰੀ ਭੀੜ ਇਕੱਠੀ ਹੋ ਗਈ ਹੈ। ਪਰਿਵਾਰਕ ਮੈਂਬਰ ਬੇਹੋਸ਼ੀ ਨਾਲ ਰੋ ਰਹੇ ਹਨ, ਮੌਕੇ 'ਤੇ ਹਫੜਾ-ਦਫੜੀ ਮਚੀ ਹੋਈ ਹੈ। ਪ੍ਰਸ਼ਾਸਨ ਅਤੇ ਪੁਲਿਸ ਮੌਕੇ 'ਤੇ ਮੌਜੂਦ ਹੈ ਅਤੇ ਰਾਹਤ ਅਤੇ ਬਚਾਅ ਕਾਰਜ ਜਾਰੀ ਹੈ। ਸਾਰੇ ਮ੍ਰਿਤਕ ਜੈਪੁਰ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ।

ਬਨਾਸ ਨਦੀ ਵਿੱਚ ਡੁੱਬਣ ਵਾਲੇ ਸਾਰੇ ਮ੍ਰਿਤਕ ਜੈਪੁਰ ਦੇ ਦੱਸੇ ਜਾ ਰਹੇ ਹਨ, ਜੋ ਸਾਰੇ ਦੋਸਤ ਹਨ। ਇਹ ਸਾਰੇ ਦੋਸਤ ਪਿਕਨਿਕ ਲਈ ਇਕੱਠੇ ਹੋਏ ਸਨ। ਇਸ ਦੌਰਾਨ ਇਹ ਹਾਦਸਾ ਵਾਪਰਿਆ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਪਾਣੀ (**ਬਾਕੀ 2 ਤੇ**)

# ਪੰਜਾਬ ਦੇ ਰਾਜਪਾਲ ਨੇ ਪਦਮ ਸ੍ਰੀ ਭਾਈ ਹਰਜਿੰਦਰ ਸਿੰਘ ਨੂੰ ਰਾਜ ਭਵਨ ਵਿਖੇ ਕੀਤਾ ਸਨਮਾਨਿਤ



**ਚੰਡੀਗੜ੍ਹ।** ਪਦਮ ਸ੍ਰੀ ਅਵਾਰਡੀ ਅਤੇ ਉੱਘੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਜੀ (ਸ੍ਰੀਨਗਰ ਵਾਲੇ) ਨੂੰ ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਰਾਜ ਭਵਨ, ਚੰਡੀਗੜ੍ਹ ਵਿਖੇ ਹੋਈ ਇੱਕ ਵਿਸ਼ੇਸ਼ ਮੁਲਾਕਾਤ ਦੌਰਾਨ ਸਨਮਾਨਿਤ ਕੀਤਾ।

ਭਾਈ ਹਰਜਿੰਦਰ ਸਿੰਘ ਜੀ, ਜਿਨ੍ਹਾਂ ਨੂੰ ਹਾਲ ਹੀ ਵਿੱਚ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਵੱਲੋਂ ਗੁਰਬਾਣੀ ਕੀਰਤਨ ਦੀ ਅਧਿਆਤਮਿਕ ਅਤੇ ਸੰਗੀਤਕ ਪਰੰਪਰਾ ਵਿੱਚ ਸ਼ਾਨਦਾਰ ਯੋਗਦਾਨ ਲਈ ਵੱਕਾਰੀ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ ਗਿਆ ਹੈ, ਨੂੰ ਰਾਜਪਾਲ ਕਟਾਰੀਆ ਨੇ ਨਿੱਘੀ ਵਧਾਈ ਦਿੱਤੀ।

ਰਾਜਪਾਲ ਨੇ ਭਾਈ ਸਾਹਿਬ ਦੇ ਪਵਿੱਤਰ ਗੁਰਬਾਣੀ ਕੀਰਤਨ ਪ੍ਰਤੀ ਅਟੁੱਟ ਸਮਰਪਣ ਦੀ ਪ੍ਰਸ਼ੰਸਾ ਕੀਤੀ ਅਤੇ ਇਸ ਪੁਰਸਕਾਰ ਨੂੰ ਸਿੱਖ ਭਗਤੀ ਸੰਗੀਤ ਪ੍ਰਤੀ ਉਨ੍ਹਾਂ ਦੀ ਜੀਵਨ ਭਰ ਦੀ ਸੇਵਾ ਦੀ ਅਸਲ ਮਾਨਤਾ ਦੱਸਿਆ। ਉਨ੍ਹਾਂ ਕਿਹਾ, 'ਭਾਈ ਹਰਜਿੰਦਰ ਸਿੰਘ ਜੀ ਦੀ ਸੁਰੀਲੀ ਆਵਾਜ਼ ਅਤੇ ਅਧਿਆਤਮਿਕ ਡੂੰਘਾਈ ਨੇ ਦੁਨੀਆ ਭਰ ਵਿੱਚ ਸੰਗਤਾਂ ਦੇ ਦਿਲਾਂ ਨੂੰ ਛੂਹ ਲਿਆ ਹੈ, ਲੱਖਾਂ ਲੋਕਾਂ ਨੂੰ ਸਿੱਖ ਧਰਮ ਵਿੱਚ ਦਰਜ ਸਦੀਵੀ ਕਦਰਾਂ-ਕੀਮਤਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਹੈ।' ਉਨ੍ਹਾਂ ਅੱਗੇ ਕਿਹਾ ਕਿ ਭਾਈ ਹਰਜਿੰਦਰ ਸਿੰਘ ਜੀ ਸ਼ਰਧਾ ਅਤੇ ਪਰੰਪਰਾ ਦੇ (**ਬਾਕੀ 2 ਤੇ**)

## ਲੁਧਿਆਣਾ ਪੱਛਮੀ ਜਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ! ਕਾਂਗਰਸੀ ਆਗੂ ਸੁਨੀਲ ਕਪੂਰ 'ਆਪ' 'ਚ ਸ਼ਾਮਲ



**ਲੁਧਿਆਣਾ** - ਲੁਧਿਆਣਾ ਪੱਛਮੀ ਜਿਮਨੀ ਚੋਣ ਤੋਂ ਪਹਿਲਾਂ ਕਾਂਗਰਸ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਸੀਨੀਅਰ ਕਾਂਗਰਸੀ ਨੇਤਾ ਸੁਨੀਲ ਕਪੂਰ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਦਾ 'ਆਪ' ਵਿੱਚ ਸ਼ਾਮਲ ਹੋਣਾ ਪਾਰਟੀ ਨੂੰ ਯਕੀਨੀ ਤੌਰ 'ਤੇ ਫਾਇਦਾ ਦੇਵੇਗਾ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਸ਼ਾਮ ਨੂੰ ਇੱਕ ਜਨਸਭਾ ਦੌਰਾਨ ਸੁਨੀਲ ਕਪੂਰ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕਰਾਇਆ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ 'ਆਪ' ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ, ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਲੁਧਿਆਣਾ ਪੱਛਮੀ ਤੋਂ 'ਆਪ' ਉਮੀਦਵਾਰ ਸੰਜੀਵ ਅਰੋੜਾ ਸਮੇਤ (**ਬਾਕੀ 2 ਤੇ**)

# ਅੰਮ੍ਰਿਤਸਰ ਵਿੱਚ ਨਾਰਕੋ-ਹਵਾਲਾ ਕਾਰਟੇਲ ਦਾ ਪਰਦਾਫਾਸ਼; 4.5 ਕਿਲੋਗ੍ਰਾਮ ਹੈਰੋਇਨ, 8.7 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਛੇ ਗ੍ਰਿਫ਼ਤਾਰ

### ਹਵਾਲਾ ਨੈੱਟਵਰਕ ਜ਼ਰੀਏ ਦੁਬਈ ਰਾਹੀਂ ਪਾਕਿਸਤਾਨ ਭੇਜਿਆ ਗਿਆ ਨਸ਼ੀਲੇ ਪਦਾਰਥਾਂ ਤੋਂ ਕਮਾਇਆ ਪੈਸਾ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ






**ਅੰਮ੍ਰਿਤਸਰ - (ਅਮ੍ਰਿਤਾ ਭਗਤ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਕਮਿਸ਼ਨਰੇਟ ਪੁਲਿਸ ਅੰਮ੍ਰਿਤਸਰ ਨੇ ਅਰਸ਼ਦੀਪ ਸਿੰਘ ਜੋ ਮੌਜੂਦਾ ਸਮੇਂ ਗੋਇੰਦਵਾਲ ਜੇਲ੍ਹ ਵਿੱਚ ਬੰਦ ਹੈ, ਵੱਲੋਂ ਚਲਾਏ ਜਾ ਰਹੇ ਸੰਗਠਿਤ ਨਾਰਕੋ-ਹਵਾਲਾ ਕਾਰਟੇਲ ਦੇ 6 ਕਾਰਕੁਨਾਂ ਨੂੰ 4.526 ਕਿਲੋਗ੍ਰਾਮ ਹੈਰੋਇਨ ਅਤੇ 8.7 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਕੇ ਇਸ ਕਾਰਟੇਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਕਰਨਦੀਪ ਸਿੰਘ ਉਰਫ ਕਰਨ (25) ਵਾਸੀ ਅਲਗੋਂ ਖੁਰਦ, ਤਰਨਤਾਰਨ, ਜਸਪ੍ਰੀਤ ਸਿੰਘ (20) ਵਾਸੀ ਸਲੋਦੀ, ਲੁਧਿਆਣਾ, ਅਰਸ਼ਦੀਪ ਸਿੰਘ ਉਰਫ਼ ਅਰਸ (22) ਵਾਸੀ ਮਹਿੰਦੀਪੁਰ, ਤਰਨ ਤਾਰਨ, ਗੁਰਮੀਤ ਸਿੰਘ ਉਰਫ ਗੀਤੂ (24) ਵਾਸੀ ਸੁਖੇਰਾ ਬੋਦਲਾ, ਫਾਜ਼ਿਲਕਾ, ਰਜਿੰਦਰਪਾਲ ਸਿੰਘ ਉਰਫ਼ ਨਿੱਕਾ (24) ਵਾਸੀ ਕੋਲੋਵਾਲ, ਅੰਮ੍ਰਿਤਸਰ ਅਤੇ ਮਲਕੀਤ ਸਿੰਘ (28) ਵਾਸੀ ਹਵੇਲੀਆਂ, ਤਰਨਤਾਰਨ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਰਸ਼ਦੀਪ, ਆਪਣੇ ਸਾਥੀਆਂ ਜਸਪ੍ਰੀਤ ਅਤੇ ਕਰਨ ਨਾਲ ਮਿਲ ਕੇ ਨਸ਼ੀਲੇ ਪਦਾਰਥਾਂ ਦੇ ਵਪਾਰ ਅਤੇ ਹਵਾਲਾ ਲੈਣ-ਦੇਣ ਨੂੰ ਅੰਜਾਮ ਦੇ ਰਿਹਾ ਸੀ। ਉਨ੍ਹਾਂ ਦੱਸਿਆ ਕਿ ਕਰਨ, ਗੁਰਮੀਤ ਅਤੇ ਰਾਜਿੰਦਰਪਾਲ ਮਿਲ ਕੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਪ੍ਰਾਪਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੰਡ ਰਹੇ ਸਨ।

ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਨਸ਼ੀਲੇ ਪਦਾਰਥਾਂ ਦੇ ਵਪਾਰ ਤੋਂ ਹੋਣ ਵਾਲੀ ਕਮਾਈ ਜਸਪ੍ਰੀਤ ਵੱਲੋਂ ਹਵਾਲਾ ਚੈਨਲਾਂ ਜ਼ਰੀਏ ਦੁਬਈ, ਯੂਏਈ ਰਾਹੀਂ ਪਾਕਿਸਤਾਨ ਭੇਜੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਅਰਸ਼ਦੀਪ ਵੱਲੋਂ ਜੇਲ੍ਹ ਦੇ ਅੰਦਰ ਵਰਤਿਆ ਗਿਆ ਮੋਬਾਈਲ ਫੋਨ ਬਰਾਮਦ ਕਰ ਲਿਆ ਗਿਆ ਹੈ, ਜੋ ਉਨ੍ਹਾਂ ਦੀਆਂ ਸਰਹੱਦ ਪਾਰ (**ਬਾਕੀ 2 ਤੇ**)

# ਆਸਟਰੀਆ ਦੇ ਸਕੂਲ ਵਿੱਚ ਅੰਨ੍ਹੇਵਾਹ ਗੋਲੀਬਾਰੀ, 11 ਦੀ ਮੌਤ

### ਹਮਲਾਵਰ ਵਿਦਿਆਰਥੀ ਨੇ ਖੁਦ ਨੂੰ ਵੀ ਉਡਾਇਆ

**ਆਸਟਰੀਆ** - ਆਸਟਰੀਆ ਦੇ ਸ਼ਹਿਰ ਗ੍ਰਾਜ਼ ਵਿੱਚ ਇੱਕ ਵਿਦਿਆਰਥੀ ਨੇ ਬੰਦੂਕ ਨਾਲ 11 ਵਿਦਿਆਰਥੀਆਂ ਨੂੰ ਭੁੰਨ ਦਿੱਤਾ। ਉਸਨੇ ਸਕੂਲ ਦੇ ਕਲਾਸਰੂਮ ਵਿੱਚ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦਿੱਤਾ। ਵਿਦਿਆਰਥੀਆਂ ਨੂੰ ਮਾਰਨ ਤੋਂ ਬਾਅਦ ਉਸਨੇ ਆਪਣੇ ਆਪ ਨੂੰ ਗੋਲੀ ਮਾਰ ਲਈ। ਘਟਨਾ ਤੋਂ ਬਾਅਦ, ਪੁਲਿਸ ਦੁਆਰਾ ਪੂਰੇ ਇਲਾਕੇ ਨੂੰ ਘੇਰ ਲਿਆ ਗਿਆ। ਜਾਂਚ ਏਜੰਸੀ ਇਸ ਗੱਲ ਦੀ ਪੁਸ਼ਟੀ ਕਰ ਰਹੀ ਹੈ ਕਿ ਨੌਜਵਾਨ ਨੇ ਗੋਲੀ ਕਿਉਂ ਚਲਾਈ ? ਨਿਊਜ਼ ਏਜੰਸੀ ਏਐਫਪੀ ਦੇ ਅਨੁਸਾਰ, ਗੋਲੀਬਾਰੀ ਦੀ ਘਟਨਾ ਗ੍ਰਾਜ਼ ਸ਼ਹਿਰ ਦੇ ਉੱਤਰ-ਪੱਛਮ ਵਿੱਚ ਡ ?ਰੇਅਰਸਚੁਟਜੇਗੈਸ 'ਤੇ ਸਥਿਤ ਇੱਕ ਸੰਘੀ ਉੱਚ ਸੈਕੰਡਰੀ ਸਕੂਲ ਵਿੱਚ ਵਾਪਰੀ, ਜੋ ਸ਼ਹਿਰ ਦੇ ਮੁੱਖ ਰੇਲਵੇ ਸਟੇਸ਼ਨ ਤੋਂ ਕੁਝ ਦੂਰੀ 'ਤੇ ਸਥਿਤ ਹੈ। ਆਸਟਰੀਆ ਇਟਲੀ ਦੇ ਗੁਆਂਢ ਵਿੱਚ ਸਥਿਤ ਹੈ। ਇਹ ਯੂਰਪ ਦਾ ਇੱਕ ਦੇਸ਼ ਹੈ।

ਸਥਾਨਕ ਮੀਡੀਆ ਦੇ ਅਨੁਸਾਰ, ਹਮਲਾਵਰ ਇੱਕ ਨੌਜਵਾਨ ਹੈ ਅਤੇ 18 ਸਾਲ ਤੋਂ ਘੱਟ ਉਮਰ ਦਾ ਹੈ। ਪਹਿਲਾਂ ਹਮਲਾਵਰ ਬੰਦੂਕ ਲੈ ਕੇ ਸਕੂਲ ਗਿਆ ਅਤੇ ਫਿਰ ਉਸਨੇ ਅੰਨ੍ਹੇਵਾਹ ਗੋਲੀਬਾਰੀ ਕਰ ਦਿੱਤੀ। ਜਦੋਂ ਉਸ ਦੀਆਂ ਗੋਲੀਆਂ ਖ਼ਤਮ ਹੋਣ ਲੱਗੀਆਂ ਤਾਂ ਉਸਨੇ ਆਖਰੀ ਗੋਲੀ ਖੁਦ ਨੂੰ ਮਾਰ ਲਈ। ਹਮਲਾਵਰ ਦੀ ਮੌਤ ਵੀ ਮੌਕੇ 'ਤੇ ਹੀ ਹੋ ਗਈ।

ਗ੍ਰਾਜ਼ ਸ਼ਹਿਰ ਦੇ ਮੇਅਰ ਦੇ ਅਨੁਸਾਰ, ਇਸ ਹਮਲੇ ਵਿੱਚ 11 ਬੱਚਿਆਂ ਦੀ ਜਾਨ ਚਲੀ ਗਈ ਹੈ। ਜ਼ਖਮੀਆਂ ਨੂੰ ਇਲਾਜ ਲਈ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਗ੍ਰਾਜ਼ ਆਸਟਰੀਆ (**ਬਾਕੀ 2 ਤੇ**)

# ਐਮਪੀ ਅਰੋੜਾ ਨੇ 70 ਦਿਨਾਂ ਵਿੱਚ ਸ਼ਹਿਰ ਵਿੱਚ ਕੀਤੇ ਗਏ ਵਿਕਾਸ ਕੰਮਾਂ ’ਤੇ ਪਾਇਆ ਚਾਨਣਾ



**ਲੁਧਿਆਣਾ** - ਲੁਧਿਆਣਾ (ਪੱਛਮੀ) ਵਿਧਾਨ ਸਭਾ ਉਪ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਅਤੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਰਾਜਗੁਰੂ ਨਗਰ (ਵਾਰਡ ਨੰਬਰ 58) ਦੇ ਵਸਨੀਕਾਂ ਨਾਲ ਇੱਕ ਚੋਣ ਮੀਟਿੰਗ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਅਰੋੜਾ ਨੇ ਰਾਜ ਸਭਾ ਮੈਂਬਰ ਵਜੋਂ ਆਪਣੇ ਤਿੰਨ ਸਾਲਾਂ ਦੇ ਕੰਮ ਦੇ ਵੇਰਵੇ ਪੇਸ਼ ਕੀਤੇ ਅਤੇ 70 ਦਿਨਾਂ ਵਿੱਚ ਸ਼ਹਿਰ ਵਿੱਚ ਕੀਤੇ ਗਏ ਵਿਕਾਸ ਕੰਮਾਂ ਨੂੰ ਚੌਗੁਣਾ ਕਰਨ ਦਾ ਵੇਰਵਾ ਵੀ ਦਿੱਤਾ। ਉਨ੍ਹਾਂ ਹਾਜ਼ਰ ਲੋਕਾਂ ਨੂੰ ਦੱਸਿਆ ਕਿ ਉਨ੍ਹਾਂ ਦੇ ਯਤਨਾਂ ਸਦਕਾ, 30 ਸਾਲਾਂ ਤੋਂ ਲੰਬਿਤ ਇੰਪਰੂਵਮੈਂਟ ਟਰੱਸਟ ਦੀਆਂ ਛੇ ਯੋਜਨਾਵਾਂ - ਰਾਜਗੁਰੂ ਨਗਰ, ਮਹਾਰਿਸ਼ੀ ਵਾਲਮੀਕਿ ਨਗਰ, ਸ਼ਹੀਦ ਭਗਤ ਸਿੰਘ ਨਗਰ, ਭਾਰਤ ਨਗਰ ਐਕਸਟੈਂਸ਼ਨ, ਸੰਤ ਈਸ਼ਰ ਸਿੰਘ ਨਗਰ ਅਤੇ ਸੁਖਦੇਵ ਐਨਕਲੇਵ - ਨਗਰ ਨਿਗਮ ਨੂੰ ਤਬਦੀਲ ਕਰ ਦਿੱਤੀਆਂ ਗਈਆਂ। ਅਰੋੜਾ ਨੇ ਕਿਹਾ ਕਿ ਉਨ੍ਹਾਂ ਦੇ ਯਤਨਾਂ ਸਦਕਾ, 75 ਸਾਲਾਂ ਬਾਅਦ, ਲਾਲ ਲਕੀਰ ਦੇ ਲਗਭਗ 1600 ਵਸਨੀਕਾਂ ਨੂੰ ਮਾਲਕੀ ਅਧਿਕਾਰ ਮਿਲੇ ਹਨ ਅਤੇ ਹੀਰੋ ਬੇਕਰੀ ਪੁਲ ਦੇ ਦੋਵੇਂ ਪਾਸੇ ਆਵਾਜਾਈ ਸ਼ੁਰੂ ਹੋ ਗਈ ਹੈ, ਜਿਸਦੀ ਪਿਛਲੇ 5 ਸਾਲਾਂ ਤੋਂ ਮੰਗ ਕੀਤੀ ਜਾ ਰਹੀ ਸੀ। ਇਸ ਤੋਂ ਇਲਾਵਾ, ਸ਼ਹੀਦ ਭਗਤ ਸਿੰਘ ਨਗਰ ਅਤੇ ਮਾਡਲ ਟਾਊਨ ਐਕਸਟੈਂਸ਼ਨ ਵਿਖੇ ਸਥਾਨਕ ਨਿਵਾਸੀਆਂ ਲਈ ਦੋ ਕਮਿਊਨਿਟੀ ਸੈਂਟਰਾਂ ਦਾ ਉਦਘਾਟਨ ਕੀਤਾ ਗਿਆ। ਉਨ੍ਹਾਂ ਇਕੱਠ ਨੂੰ ਦੱਸਿਆ ਕਿ ਉਨ੍ਹਾਂ ਦੇ ਯਤਨਾਂ ਸਦਕਾ, ਰਿਸ਼ੀ ਨਗਰ ਦੇ ਐਕਸ, ਵਾਈ, ਜੇਡ ਬਲਾਕ ਵਿੱਚ 2016 ਜਾਇਦਾਦਾਂ ਦੀ ਰਜਿਸਟ ?ੇਸ਼ਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ - ਇੱਕ ਅਜਿਹਾ ਕੰਮ ਜੋ 40 ਸਾਲਾਂ ਤੋਂ ਲਟਕਿਆ ਹੋਇਆ ਸੀ। ਆਪਣੀਆਂ ਪ੍ਰਾਪਤੀਆਂ ’ਤੇ ਹੋਰ ਚਾਨਣਾ ਪਾਉਂਦੇ ਹੋਏ, ਅਰੋੜਾ ਨੇ ਕਿਹਾ ਕਿ 15 ਐਡਵਾਂਸਡ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਨਿਵਾਸੀਆਂ ਨੂੰ ਸੀਵਰੇਜ ਦੀ ਸਮੱਸਿਆ ਤੋਂ ਰਾਹਤ ਮਿਲੀ ਹੈ। ਬਿਜਲੀ ਦੀ ਸਮੱਸਿਆ ਨੂੰ ਦੂਰ ਕਰਨ ਦੇ ਉਦੇਸ਼ ਨਾਲ ਸ਼ਹਿਰ ਭਰ ਵਿੱਚ ਲਗਭਗ 250 ਨਵੇਂ ਟਰਾਂਸਫਾਰਮਰ ਲਗਾਏ ਗਏ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੇ ਯਤਨਾਂ ਸਦਕਾ ਜਨਤਕ ਸੁਰੱਖਿਆ ਅਤੇ ਸੁੰਦਰੀਕਰਨ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਭਰ ਵਿੱਚ 8,200 ਸਟਰੀਟ ਲਾਈਟਾਂ ਲਗਾਉਣ ਦੀ ਸਹੂਲਤ ਦਿੱਤੀ ਗਈ ਹੈ। ਇਸ ਤੋਂ ਇਲਾਵਾ ਬਿਹਤਰ ਆਵਾਜਾਈ ਲਈ ਸ਼ਹਿਰ ਵਿੱਚ 250 ਕਿਲੋਮੀਟਰ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਕੀਤੀ। ਅਰੋੜਾ ਨੇ ਕਿਹਾ ਕਿ ਸ਼ਹਿਰ ਦੇ ਪਾਰਕਾਂ ਦਾ ਵੀ ਨਵੀਨੀਕਰਨ ਕੀਤਾ ਗਿਆ ਹੈ।

# ਦਿੱਲੀ ਦੀ ਸਾਬਕਾ CM ਆਤਿਸ਼ੀ ਨੂੰ ਦਿੱਲੀ ਪੁਲਿਸ ਨੇ ਹਿਰਾਸਤ ’ਚ ਲਿਆ

## ਝੁੱਗੀ-ਝੌਂਪੜੀ ਵਾਲਿਆਂ ਨੂੰ ਮਿਲਣ ਲਈ ਭੂਮੀਹੀਨ ਕੈਂਪ ਪਹੁੰਚੀ ਸੀ ਆਤਿਸ਼ੀ





**ਨਵੀਂ ਦਿੱਲੀ।** ਦਿੱਲੀ ਦੇ ਕਈ ਇਲਾਕਿਆਂ ਵਿੱਚ ਇਨ੍ਹਾਂ ਦਿਨਾਂ ਵਿੱਚ ਬੁਲਡੋਜ਼ਰ ਐਕਸ਼ਨ ਦੇਖਣ ਨੂੰ ਮਿਲ ਰਿਹਾ ਹੈ। ਹਾਲ ਹੀ ਵਿੱਚ ਮਰਾਸ ਕੈਂਪ ਅਤੇ ਕਾਦਲਕਾਜੀ ਵਿੱਚ ਕਾਰਵਾਈ ਕੀਤੀ ਗਈ ਸੀ। ਉਦੋਂ ਤੋਂ ਵਿਰੋਧੀ ਧਿਰ ਸਰਕਾਰ ’ਤੇ ਹਮਲਾਵਰ ਹੈ। ਦੂਜੇ ਪਾਸੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਅੱਜ ਕਾਲਕਾਜੀ ਵਿੱਚ ਭੂਮੀਹੀਣ ਕੈਂਪ ਪਹੁੰਚੀ ਸੀ, ਜਿੱਥੋਂ ਉਸਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਆਤਿਸ਼ੀ ਉਨ੍ਹਾਂ ਲੋਕਾਂ ਨੂੰ ਮਿਲਣ ਗਈ ਸੀ ,ਜਿਨ੍ਹਾਂ ਦੇ ਘਰ ਢਾਹੇ ਜਾ ਰਹੇ ਹਨ।

ਹਿਰਾਸਤ ਵਿੱਚ ਲਏ ਜਾਣ ’ਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੇ ਕਿਹਾ ਕਿ ਭਾਜਪਾ ਕੱਲ੍ਹ ਇਨ੍ਹਾਂ ਝੁੱਗੀਆਂ ਨੂੰ ਢਾਹ ਦੇਵੇਗੀ ਅਤੇ ਮੈਨੂੰ ਅੱਜ ਜੇਲ੍ਹ ਭੇਜਿਆ ਜਾ ਰਿਹਾ ਹੈ ਕਿਉਂਕਿ ਮੈਂ ਇਨ੍ਹਾਂ ਝੁੱਗੀਆਂ-ਝੌਂਪੜੀਆਂ ਵਾਲਿਆਂ ਲਈ ਆਵਾਜ਼ ਉਠਾ ਰਹੀ ਹਾਂ। ਭਾਜਪਾ ਅਤੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਝੁੱਗੀਆਂ-ਝੌਂਪੜੀਆਂ ਦੀ ਹਾਏ ਲੱਗੇਗੀ। ਭਾਜਪਾ ਕਦੇ ਵਾਪਸ ਨਹੀਂ ਆਵੇਗੀ।

ਆਤਿਸ਼ੀ ਨੇ ਦਾਅਵਾ ਕੀਤਾ ਸੀ ਕਿ ਕਾਲਕਾਜੀ ਵਿੱਚ ਭੂਮੀਹੀਣ ਕੈਂਪ ਵਿੱਚ ਢਾਹੁਣ ਦੀ ਮੁਹਿੰਮ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਸਨ। ਦਿੱਲੀ ਵਿਕਾਸ ਅਥਾਰਟੀ (ਡੀਡੀਏ) ਨੇ ਝੁੱਗੀ-ਝੌਂਪੜੀ ਵਾਲੇ ਕੈਂਪ ਵਿੱਚ ਘਰ ਖਾਲੀ ਕਰਨ ਦੇ ਆਦੇਸ਼ ਚਿਪਕਾਏ ਸਨ। ਇਸ ਕ੍ਰਮ ਵਿੱਚ ਲੋਕਾਂ ਨੂੰ ਤਿੰਨ ਦਿਨਾਂ ਦੇ ਅੰਦਰ ਜਗ ?ਹਾ ਖਾਲੀ ਕਰਨ ਦਾ ਅਲਟੀਮੇਟਮ ਦਿੱਤਾ ਗਿਆ ਸੀ।

ਕਾਲਕਾਜੀ ਦੇ ਭੂਮੀਹੀਣ ਕੈਂਪ ਵਿੱਚ ਡੀਡੀਏ ਦੀ ਬੁਲਡੋਜ਼ਰ ਕਾਰਵਾਈ ਤੋਂ ਪਹਿਲਾਂ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਮੰਗਲਵਾਰ ਨੂੰ ਝੁੱਗੀ-ਝੌਂਪੜੀ ਵਾਲਿਆਂ ਨੂੰ ਮਿਲਣ ਪਹੁੰਚੀ। ਇਸ ਦੌਰਾਨ ਆਤਿਸ਼ੀ ਨੇ ਸਥਾਨਕ ਲੋਕਾਂ ਨਾਲ ਮਿਲ ਕੇ ਨਾਅਰੇਬਾਜ਼ੀ ਕੀਤੀ ਅਤੇ ਡੀਡੀਏ ਦੀ ਕਾਰਵਾਈ ਦਾ ਵਿਰੋਧ ਕੀਤਾ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਆਤਿਸ਼ੀ ਦੀ ਪੁਲਿਸ ਨਾਲ ਨੋਕਝੋਕ ਵੀ ਦੇਖਣ ਨੂੰ ਮਿਲੀ।

ਅਦਾਲਤ ਨੇ ਹਾਲ ਹੀ ਵਿੱਚ ਭੂਮੀਹੀਣ ਕੈਂਪ ਨਾਲ ਸਬੰਧਤ ਸਾਰੀਆਂ ਪਟੀਸ਼ਨਾਂ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਇੱਥੇ ਵੀ ਬੁਲਡੋਜ਼ਰ ਕਾਰਵਾਈ ਦੇਖੀ ਜਾਵੇਗੀ। ਡੀਡੀਏ ਨੇ ਅਦਾਲਤ ਦੇ ਹੁਕਮ ਦਾ ਨੋਟਿਸ ਲਗਾਇਆ। ਇੱਥੇ ਕਿਸੇ ਵੀ ਸਮੇਂ ਬੁਲਡੋਜ਼ਰ ਕਾਰਵਾਈ ਹੋ ਸਕਦੀ ਹੈ।

**ਅਦਾਲਤ ਜੋ ਕਹੇ ਉਹੀ ਹੋਵੇਗਾ - ਸੀਐਮ ਰੇਖਾ**

ਮਦਰਾਸ ਕੈਂਪ ਵਿੱਚ ਕੀਤੀ ਗਈ ਕਾਰਵਾਈ ਤੋਂ ਬਾਅਦ ਸੀਐਮ ਰੇਖਾ ਗੁਪਤਾ ’ਤੇ ਕਈ ਸਵਾਲ ਉਠਾਏ ਜਾ ਰਹੇ ਸਨ। ਹਾਲ ਹੀ ਵਿੱਚ ਉਨ੍ਹਾਂ ਨੇ ਸਪੱਸ਼ਟ ਤੌਰ ’ਤੇ ਕਿਹਾ ਸੀ ਕਿ ਅਦਾਲਤ ਦੇ ਹੁਕਮ ਜੋ ਵੀ ਹੋਣਗੇ ਉਹੀ ਹੋਣਗੇ। ਕੋਈ ਵੀ ਅਦਾਲਤ ਦੀ ਅਵੱਗਿਆ ਨਹੀਂ ਕਰ ਸਕਦਾ। ਸੀਐਮ ਦੇ ਇਸ ਬਿਆਨ ਤੋਂ ਬਾਅਦ ਇਹ ਸਪੱਸ਼ਟ ਹੈ ਕਿ ਭਵਿੱਖ ਵਿੱਚ ਦਿੱਲੀ ਵਿੱਚ ਅਜਿਹੀਆਂ ਕਾਰਵਾਈਆਂ ਜਾਰੀ ਰਹਿਣਗੀਆਂ।

# ਕਾਂਗਰਸੀ ਆਗੂਆਂ ਨੇ ਹਮੇਸ਼ਾ ਆਮ ਲੋਕਾਂ ਨੂੰ ਨੀਵੇਂ ਪੱਧਰ ਦਾ ਸਮਝਿਆ, ਇਸੇ ਲਈ ਉਨ੍ਹਾਂ ਦਾ ਅਜਿਹਾ ਹਾਲ ਹੋਇਆ - ਅਮਨ ਅਰੋੜਾ



**ਚੰਡੀਗੜ੍ਹ** - ਆਮ ਆਦਮੀ ਪਾਰਟੀ ਪੰਜਾਬ ਦੇ ਮੁਖੀ ਅਮਨ ਅਰੋੜਾ ਨੇ ਲੁਧਿਆਣਾ ਪੱਛਮੀ ਜਿਮਨੀ ਚੋਣ ਵਿੱਚ ਕਾਂਗਰਸ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੇ ਬਿਆਨ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂਆਂ ਨੇ ਹਮੇਸ਼ਾ ਆਮ ਲੋਕਾਂ ਨਾਲ ਦੂਜੇ ਦਰਜੇ ਦੇ ਨਾਗਰਿਕਾਂ ਵਰਗਾ ਵਿਵਹਾਰ ਕੀਤਾ। ਉਨਾਂ ਕਦੇ ਵੀ ਆਮ ਲੋਕਾਂ ਦਾ ਸਤਿਕਾਰ ਨਹੀਂ ਕੀਤਾ ਜਿਸ ਕਾਰਨ ਉਸ ਦੀ ਇਹ ਹਾਲਤ ਹੋ ਗਈ ਹੈ। ਅਰੋੜਾ ਨੇ ਕਿਹਾ, ‘ਆਸ਼ੂ ਕਹਿ ਰਹੇ ਹਨ ਕਿ ਆਮ ਆਦਮੀ ਪਾਰਟੀ ਦੇ ਮੰਤਰੀਆਂ ਦੀ ਨਹੀਂ ਚਲਦੀ, ਪਰ ਸਵਾਲ ਇਹ ਹੈ ਕਿ ਤੁਸੀਂ ਮੰਤਰੀ ਦੇ ਤੌਰ ’ਤੇ ਕਿਵੇਂ ਰਾਜ ਕੀਤਾ? ਇੱਕ ਮੰਤਰੀ ਦੇ ਤੌਰ ’ਤੇ, ਤੁਸੀਂ ਇੱਕ ਮਹਿਲਾ ਸਿੱਖਿਆ ਅਧਿਕਾਰੀ ਨਾਲ ਦੁਰਵਿਵਹਾਰ ਕੀਤਾ। ਤੁਸੀਂ ਖੁੱਲ੍ਹੇਆਮ ਪੁਲਿਸ ਅਧਿਕਾਰੀਆਂ ਨੂੰ ਧਮਕੀਆਂ ਦਿੰਦੇ ਸੀ। ਤੁਹਾਡੇ ’ਤੇ ਸੈਂਕੜੇ ਕਰੋੜ ਰੁਪਏ ਦੇ ਭ੍ਰਿਸ਼ਟਾਚਾਰ ਦੇ ਦੋਸ਼ ਸਨ। ਕੀ ਤੁਸੀਂ ਸਾਡੇ ਤੋਂ ਵੀ ਇਹੀ ਉਮੀਦ ਕਰ ਰਹੇ ਹੋ? ਸਾਡਾ ਜਵਾਬ ਸਪੱਸ਼ਟ ਹੈ ਕਿ ਸਾਡੇ ਮੰਤਰੀ ਅਜਿਹਾ ਨਹੀਂ ਕਰਦੇ ਅਤੇ ਨਾ ਹੀ ਉਹ ਅਜਿਹਾ ਕਰਨਾ ਚਾਹੁੰਦੇ ਹਨ।’ ਉਨ੍ਹਾਂ ਕਿਹਾ ਕਿ ਲੋਕਾਂ ਨੇ ਸਾਨੂੰ ਇਮਾਨਦਾਰੀ ਨਾਲ ਕੰਮ ਕਰਨ ਲਈ ਚੁਣਿਆ ਹੈ ਅਤੇ ਅਸੀਂ ਆਪਣਾ ਕੰਮ ਸ਼ਿਸ਼ਟਾਚਾਰ ਨਾਲ ਕਰ ਰਹੇ ਹਾਂ। ਧਮਕੀਆਂ ਦੇਣਾ ਅਤੇ ਗਾਲ੍ਹਾਂ ਕੱਢਣਾ ਸਾਡੀ ਪਾਰਟੀ ਦਾ ਸੱਭਿਆਚਾਰ ਨਹੀਂ ਹੈ ਅਤੇ ਨਾ ਹੀ ਕਿਸੇ ਨੂੰ ਅਜਿਹਾ ਕਰਨ ਦੀ ਇਜਾਜ਼ਤ ਹੈ। ਗਲਤ ਢੰਗ ਨਾਲ ਆਪਣੀ ਮਰਜ਼ੀ ਚਲਾਉਣ ਨਾਲੋਂ ਥੋੜ੍ਹਾ ਘੱਟ ਚੱਲੇ ਉਹ ਬਿਹਤਰ ਹੈ, ਪਰ ਜੋ ਵੀ ਕਰੋ, ਇਮਾਨਦਾਰੀ ਅਤੇ ਨਿਮਰਤਾ ਨਾਲ ਕਰੋ। ਅਰੋੜਾ ਨੇ ਕਿਹਾ ਕਿ ਮੈਨੂੰ ਇਸ ਬਾਰੇ ਜ਼ਿਆਦਾ ਕਹਿਣ ਦੀ ਜ਼ਰੂਰਤ ਨਹੀਂ ਹੈ। ਲੁਧਿਆਣਾ ਪੱਛਮੀ ਦੇ ਲੋਕ 19 ਤਰੀਕ ਨੂੰ ਆਸ਼ੂ ਨੂੰ ਦੱਸਣਗੇ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਰਾਜਨੀਤੀ ਪਸੰਦ ਹੈ। ਅਰੋੜਾ ਨੇ ਕਿਹਾ ਕਿ ਕਾਂਗਰਸ ਨੇ ਪੰਜਾਬ ਨਾਲ ਧੋਖਾ ਕੀਤਾ ਹੈ। ਇਸ ਦੇ ਆਗੂਆਂ ਨੇ ਆਪਣਾ ਆਤਮ-ਸਨਮਾਨ ਆਪਣੀ ਹਾਈਕਮਾਨ ਅੱਗੇ ਵੇਚ ਦਿੱਤਾ। ਉਨ੍ਹਾਂ ਨੇ ਮਾਫੀਆ ਨੂੰ ਸੁਰੱਖਿਆ ਦਿੱਤੀ ਅਤੇ ਹਜ਼ਾਰਾਂ ਕਰੋੜ ਰੁਪਏ ਦੇ ਘੁਟਾਲੇ ਕੀਤੇ। ਉਨ੍ਹਾਂ ਦੀ ਅਸਲ ਵਫ਼ਾਦਾਰੀ ਦਿੱਲੀ ਅਤੇ ਇਟਲੀ ਦੇ ਦਰਬਾਰਾਂ ਵਿੱਚ ਹੁੰਦੀ ਹੈ। ਉਨ੍ਹਾਂ ਦਾ ਆਗੂ ਉੱਥੋਂ ਹੁਕਮ ਲੈਂਦਾ ਹੈ, ਅਤੇ ਪੰਜਾਬ ਨੂੰ ਉਸ ਅਨੁਸਾਰ ਝੁ ਕ ਣ ਲ ਈ ਕਿਹਾ ਜਾਂਦਾ ਹੈ। ਦਿੱਲੀ ਵਿੱਚ ਬੈਠਾ ਉਨ੍ਹਾਂ ਦਾ ਕਾਂਗਰਸ ਪ੍ਰਧਾਨ ਖੁਦ ਇਟਲੀ ਦੇ ਹੁਕਮਾਂ ’ਤੇ ਕੰਮ ਕਰਦਾ ਹੈ। ਇਨ੍ਹਾਂ ਦੇ ਮੁੱਖ ਮੰਤਰੀ ਨੇ ਇੱਕ ਪਾਕਿਸਤਾਨੀ ਨਾਗਰਿਕ ਨੂੰ ਆਪਣੇ ਦਫ਼ਤਰ ਵਿੱਚ ਬਿਠਾਇਆ ਅਤੇ ਪੰਜਾਬ ਦੇ ਲੋਕਾਂ ਨੂੰ ਸਲਾਮ ਕਰਨ ਲਈ ਮਜਬੂਰ ਕੀਤਾ। ਆਪਣੇ ਰਾਜ ਦੌਰਾਨ ਇਨ੍ਹਾਂ ਲੋਕਾਂ ਨੇ ਨਾ ਤਾਂ ਕੋਈ ਰੁਜ਼ਗਾਰ ਦਿੱਤਾ ਅਤੇ ਨਾ ਹੀ ਵਿਕਾਸ ਦੇ ਕੰਮ ਕੀਤੇ। ਇਨ੍ਹਾਂ ਨੇ ਡਰੱਗ ਅਤੇ ਰੇਤ ਮਾਫੀਆ ਨੂੰ ਉਤਸ਼ਾਹਿਤ ਕਰਨ ਲਈ ਸੱਤਾ ਦੀ ਦੁਰਵਰਤੋਂ ਕੀਤੀ। ਅੱਜ ਵੀ ਕਾਂਗਰਸ ਕਈ ਮਾਫੀਆ ਨੂੰ ਬਚਾਉਣ ਵਿੱਚ ਲੱਗੀ ਹੋਈ ਹੈ। ਕਾਂਗਰਸੀ ਆਗੂਆਂ ਨੇ ਹਮੇਸ਼ਾ ਪੰਜਾਬ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਅਤੇ ਆਪਣੇ ਪਰਿਵਾਰਾਂ ਦੇ ਭਲੇ ਲਈ ਕੰਮ ਕੀਤਾ। ਇਨ੍ਹਾਂ ਲੋਕਾਂ ਦਾ ਆਮ ਲੋਕਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਕੇਂਦਰੀ ਰਾਜ ਮੰਤਰੀ ਬਿੱਟੂ ਨੂੰ ਮਿਲੇ ਬੀਜੇਪੀ ਜਿਲ੍ਹਾ ਖੰਨਾ ਦੇ ਜਨਰਲ ਸਕੱਤਰ ਪ੍ਰਿੰ. ਜਤਿੰਦਰ ਸ਼ਰਮਾ

## ਭਾਜਪਾ ਦੇ ਉਮੀਦਵਾਰ ਜੀਵਨ ਗੁਪਤਾ ਭਰੀ ਬਹੁਮਤ ਨਾਲ ਜਿੱਤਣਗੇ, ਆਪ ਦਾ ਵਜੂਦ ਹੋਇਆ ਖ਼ਤਮ

**ਦੋਰਾਹਾ/ਲੁਧਿਆਣਾ, ਲਾਲ ਸਿੰਘ ਮਾਂਗਟ**



ਹਲਕਾ ਪਾਇਲ ਦੇ ਅੰਦਰ ਸਿਆਸਤ ਵਿੱਚ ਪ੍ਰਚੰਮ ਲਹਿਰਾਉਣ ਵਾਲੇ ਪੰਜਾਬ ਦੇ ਮਰਹੂਮ ਮੁਖ ਮੰਤਰੀ ਬੇਅੰਤ ਸਿੰਘ ਪਰਿਵਾਰ ਦੇ ਫਰਜੰਦ ਭਾਰਤ ਸਰਕਾਰ ਵਿੱਚ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨਾਲ ਪੁਲਸ ਜਿਲ੍ਹਾ ਖੰਨਾ ਤੋਂ ਭਾਜਪਾ ਦੇ ਜਿਲ੍ਹਾ ਜਨਰਲ ਸਕੱਤਰ ਪ੍ਰਿਸ਼ੀਪਲ ਜਤਿੰਦਰ ਸ਼ਰਮਾ ਵੱਲੋਂ ਲੁਧਿਆਣਾ ਵਿਖੇ ਵਿਸ਼ੇਸ ਮੁਲਾਕਾਤ ਕੀਤੀ ਗਈ। ਪ੍ਰਿਸ਼ੀਪਲ ਜਤਿੰਦਰ ਸ਼ਰਮਾ ਨੇ ਕੇਂਦਰੀ ਰਾਜ ਮੰਤਰੀ ਬਿੱਟੂ ਨਾਲ ਮੁਲਾਕਾਤ ਸਮੇਂ ਜਿੱਥੇ ਪਾਰਟੀ ਪ੍ਰਤੀ ਵਿਚਾਰਾਂ ਕੀਤੀਆਂ ਉਥੇ ਹੀ ਉਨ੍ਹਾਂ ਲੁਧਿਆਣਾ ਉਪ ਚੋਣ ਲੜਹੇ ਰਹੇ ਭਾਜਪਾ ਦੇ ਉਮੀਦਵਾਰ ਜੀਵਨ ਗੁਪਤਾ ਦੀ ਚੋਣ ਮੁਹਿੰਮ ਸੰਬੰਧੀ ਵੀ ਵਿਚਾਰ ਕਰਦਿਆਂ ਕਿਹਾ ਕਿ ਭਾਜਪਾ ਉਮੀਦਵਾਰ ਜੀਵਨ ਗੁਪਤਾ ਵੱਡੇ ਫਰਕ ਨਾਲ ਚੋਣ ਜਿੱਤਣਗੇ ਕਿਉਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਚੱਲ ਰਹੀ ਭਾਜਪਾ ਦੀ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਜਿੱਥੇ ਪੂਰਾ ਦੇਸ਼ ਖੁਸ ਹੈ ਉਥੇ ਹੀ ਪੰਜਾਬ ਵਾਸੀ ਵੀ ਬੇਹੱਦ ਖੁਸ ਹਨ।ਇਸ ਸਮੇਂ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪ੍ਰਿਸ਼ੀਪਲ ਜਤਿੰਦਰ ਸ਼ਰਮਾ ਨੂੰ ਕਿਹਾ ਕਿ ਜੀਵਨ ਗੁਪਤਾ ਦੀ ਚੋਣ ਮੁਹਿੰਮ ਨੂੰ ਹੋਰ ਤਕੜਾ ਕਰਨ ਲਈ ਅਤੇ ਲੋਕਾਂ ਨਾਲ ਘਰ ਘਰ ਰਾਬਤਾ ਕਾਇਮ ਕਰਨ ਲਈ ਉਹ ਲੁਧਿਆਣਾ ਵਿੱਚ ਦਿਨ ਰਾਤ ਮਿਹਨਤ ਕਰਨ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਸੰਬੰਧੀ ਜਾਗਰੂਕ ਕਰਨ ਲਈ ਉਪਰਾਲੇ ਕਰਨ ਦੀ ਲੋੜ ਤੇ ਜ਼ੋਰ ਦਿੱਤਾ।ਇਸ ਸਮੇਂ ਉਨ੍ਹਾਂ ਨਾਲ ਨਾਰੇਸ਼ ਕੁਮਾਰ ਬਿੱਟੂ ਘੁਡਾਣੀ ਵੀ ਮੌਜੂਦ ਸਨ।

## ਪੇਜ਼ ਇੱਕ ਦਾ ਬਾਕੀ

ਅੰਮ੍ਰਿਤਸਰ ...

ਦੀਆਂ ਗਤੀਵਿਧੀਆਂ ਬਾਰੇ ਮਹੱਤਵਪੂਰਨ ਸਬੂਤ ਪ੍ਰਦਾਨ ਕਰਦਾ ਹੈ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਅਰਸ਼ਦੀਪ ਸਿੰਘ ਨੂੰ ਕਮਰਸ਼ੀਅਲ ਐਨਡੀਪੀਐਸ ਕੇਸ ਤਹਿਤ ਜੇਲ੍ਹ ਵਿੱਚ ਬੰਦ ਹੈ। ਉਨ੍ਹਾਂ ਕਿਹਾ ਕਿ ਜੇਲ੍ਹ ਵਿੱਚ ਬੰਦ ਹੋਣ ਦੇ ਬਾਵਜੂਦ, ਉਸਨੇ ਸਰਹੱਦ ਪਾਰ ਦੇ ਤਸਕਰਾਂ ਨਾਲ ਸੰਪਰਕ ਬਣਾਈ ਰੱਖਿਆ।

ਉਨ੍ਹਾਂ ਕਿਹਾ ਕਿ ਇੱਕ ਵੱਖਰੇ ਕੇਸ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ ਮਲਕੀਤ ਸਿੰਘ ਇੱਕ ਬਦਨਾਮ ਤਸਕਰ ਹੈ ਅਤੇ ਉਸ ਨੇ ਇੱਕ ਸਾਲ ਦੁਬਈ ਵਿੱਚ ਬਿਤਾਇਆ ਸੀ, ਜਿੱਥੇ ਉਹ ਪਾਕਿਸਤਾਨੀ ਤਸਕਰਾਂ ਦੇ ਸੰਪਰਕ ਵਿੱਚ ਆਇਆ। ਉਨ੍ਹਾਂ ਦੱਸਿਆ ਕਿ ਉਸਦੇ ਪਿੰਡ ਦੀ ਅੰਤਰਰਾਸ਼ਟਰੀ ਸਰਹੱਦ ਨਾਲ ਨੇੜਤਾ ਕਾਰਨ ਦੋਸ਼ੀ ਨੇ ਦੋ ਮਹੀਨੇ ਪਹਿਲਾਂ ਭਾਰਤ ਵਾਪਸ ਆ ਕੇ ਖੇਪਾਂ ਦੀ ਤਸਕਰੀ ਕਰਨੀ ਸ਼ੁਰੂ ਕਰ ਦਿੱਤੀ।

ਸੀਪੀ ਨੇ ਕਿਹਾ ਕਿ ਡੀਸੀਪੀ ਰਵਿੰਦਰਪਾਲ ਸਿੰਘ ਅਤੇ ਏਡੀਸੀਪੀ ਜਗਬਿੰਦਰ ਸਿੰਘ ਦੀ ਅਗਵਾਈ ਵਾਲੀਆਂ ਪੁਲਿਸ ਟੀਮਾਂ ਨੇ ਇਹ ਕਾਰਵਾਈ ਖੁਫੀਆ ਜਾਣਕਾਰੀ ਦੇ ਆਧਾਰ ’ਤੇ ਕੀਤੀ। ਉਨ੍ਹਾਂ ਦੱਸਿਆ ਕਿ ਹੈਰੋਇਨ ਅਤੇ ਡਰੱਗ ਮਨੀ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦਾ ਹੀਰੋ ਸਪਲੈਂਡਰ ਮੋਟਰਸਾਈਕਲ ਜਿਸ ਦੀ ਵਰਤੋਂ ਉਹ ਖੇਪਾ ਪਹੁੰਚਾਉਣ ਲਈ ਕਰ ਰਹੇ ਸਨ, ਵੀ ਜ਼ਬਤ ਕਰ ਲਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਨੈੱਟਵਰਕ ਦੇ ਸਥਾਨਕ ਅਤੇ ਅੰਤਰਰਾਸ਼ਟਰੀ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਰੀ ਹੈ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ, ਐਨਡੀਪੀਐਸ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਦੋ ਵੱਖ-ਵੱਖ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ।

ਹੁਣ ਕਾਰੋਬਾਰ ...

ਲਈ ਨੀਤੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਉਦਯੋਗਾਂ ਨੇ ਸੂਬਾ ਸਰਕਾਰ ਤੋਂ ਜੋ ਵੀ ਮੰਗ ਕੀਤੀ ਹੈ, ਉਹ ਉਦਯੋਗਾਂ ਦੀ ਸਹੂਲਤ ਲਈ ਜਲਦੀ ਤੋਂ ਜਲਦੀ ਪ੍ਰਦਾਨ ਕੀਤੀ ਗਈ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਖੇਤਰ ਵਿੱਚ ਆਰਥਿਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਸਮੇਂ ਦੀ ਲੋੜ ਵੀ ਹੈ ਅਤੇ ਇਸ ਦਾ ਉਦੇਸ਼ ਪੰਜਾਬ ਨੂੰ ਇੱਕ ਉਦਯੋਗਿਕ ਹੱਬ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੂੰ ਇੱਕ ਅਜਿਹੀ ਪ੍ਰਣਾਲੀ ਵਿਰਾਸਤ ਵਿੱਚ ਮਿਲੀ ਸੀ, ਜਿਸ ਤਹਿਤ ਉਦਯੋਗ ਸੂਬੇ ਤੋਂ ਦੂਜੇ ਸੂਬਿਆਂ ਨੂੰ ਭੱਜ ਰਹੇ ਸਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਚੱਲ ਰਹੀ ਜਬਰੀ ਵਸੂਲੀ ਪ੍ਰਣਾਲੀ ਤੋਂ ਉਦਯੋਗ ਤੰਗ ਆ ਚੁੱਕੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਉਦਯੋਗਪਤੀਆਂ ਨੂੰ ਉਦਯੋਗ-ਪੱਖੀ ਮਾਹੌਲ ਦੇ ਨਾਲ-ਨਾਲ ਚੰਗੀ ਕਾਨੂੰਨ ਵਿਵਸਥਾ ਦੀ ਸਥਿਤੀ ਪ੍ਰਦਾਨ ਕਰ ਕੇ ਉਨ੍ਹਾਂ ਦਾ ਵਿਸ਼ਵਾਸ ਬਹਾਲ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਦੇਸ਼ ਦੀ ਸਭ ਤੋਂ ਵਧੀਆ ਕਾਨੂੰਨ ਵਿਵਸਥਾ ਹੈ, ਜਿਸ ਕਾਰਨ ਵੱਡੇ ਪੱਧਰ ’ਤੇ ਉਦਯੋਗ ਸੂਬੇ ਵਿੱਚ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਉਸ ਸਥਿਤੀ ਦੇ ਉਲਟ ਹੈ, ਜਦੋਂ ਪਿਛਲੀਆਂ ਸਰਕਾਰਾਂ ਦੌਰਾਨ ਆਗੂ ਉੱਦਮਾਂ ਵਿੱਚ ਹਿੱਸੇਦਾਰੀ ਦੀ ਮੰਗ ਕਰਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲਾਂ ਸੱਤਾ ਵਿੱਚ ਬੈਠੇ ਸਿਆਸੀ ਪਰਿਵਾਰਾਂ ਨਾਲ ਸਮਝੌਤਿਆਂ ’ਤੇ ਦਸਤਖਤ ਕੀਤੇ ਜਾਂਦੇ ਸਨ ਪਰ ਹੁਣ ਇਹ ਸਮਝੌਤੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਵੀ ਸੂਬੇ ਵਿੱਚ ਅਜਿਹੇ ਸੰਮੇਲਨ ਹੁੰਦੇ ਰਹੇ ਹਨ ਪਰ ਪੰਜਾਬ ਨੂੰ ਕਦੇ ਵੀ ਇਸ ਦਾ ਲਾਭ ਨਹੀਂ ਮਿਲਿਆ ਕਿਉਂਕਿ ਆਗੂ ਆਪਣੇ ਨਿੱਜੀ ਹਿੱਤਾਂ ਲਈ ਦਿਲਚਸਪੀ ਰੱਖਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਦੀ ਸੋਚ ਇੰਨੀ ਮਾੜੀ ਸੀ ਕਿ ਇੱਥੇ ਲਗਾਏ ਗਏ ਸਜਾਵਟੀ ਰੁੱਖਾਂ ਨੂੰ ਉਦਯੋਗਪਤੀਆਂ ਦੇ ਸਵਾਗਤ ਲਈ ਉਹ ਉਖਾੜ ਕੇ ਪਿੰਡ ਬਾਦਲ ਲੈ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਨੂੰ ਕਦੇ ਵੀ ਸਮਾਜ ਦੇ ਕਿਸੇ ਵੀ ਵਰਗ ਦੀ ਭਲਾਈ ਦੀ ਪਰਵਾਹ ਨਹੀਂ ਸੀ, ਸਗੋਂ ਉਨ੍ਹਾਂ ਨੇ ਆਪਣੇ ਹਿੱਤਾਂ ਨੂੰ ਤਰਜੀਹ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀਆਂ ਦੀ ਸਹੂਲਤ ਲਈ ਸਿੰਗਲ ਵਿੰਡੋ ਅਤੇ ਸਿੰਗਲ ਪੈਨ ਸਿਸਟਮ ਸ਼ੁਰੂ ਕੀਤਾ ਗਿਆ ਹੈ ਤਾਂ ਜੋ ਉਹ ਖੁੱਲ੍ਹ ਕੇ ਕੰਮ ਕਰ ਸਕਣ। ਉਨ੍ਹਾਂ ਕਿਹਾ ਕਿ ਇੱਥੇ ਕੰਮ ਕਰਨ ਵਾਲੇ ਉਦਯੋਗਪਤੀ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਦੇ ਹਨ, ਜਿਸ ਨਾਲ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਦੇ ਵਿਕਾਸ ਅਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਨੂੰ ਹੁਲਾਰਾ ਦੇਣ ਲਈ ਜ਼ਰੂਰੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਦੇ ਉਲਟ ਕੋਈ ਵੀ ਉਦਯੋਗਪਤੀਆਂ ਨੂੰ ਪਰੇਸ਼ਾਨ ਨਹੀਂ ਕਰੇਗਾ, ਸਗੋਂ ਸੂਬਾ ਸਰਕਾਰ ਉਦਯੋਗ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਯਤਨ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਉਦਯੋਗਾਂ ਨੂੰ ਸਹੂਲਤ ਦੇਣ ਲਈ ਸਿੰਗਲ ਵਿੰਡੋ ਸਿਸਟਮ ਪ੍ਰਦਾਨ ਕਰਨ ਲਈ ਪਹਿਲਾਂ ਹੀ ਕੰਮ ਸ਼ੁਰੂ ਕਰ ਦਿੱਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਦਯੋਗਿਕ ਖੇਤਰ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਇਸ ਨੂੰ ਅਸਲ ਉਤਸ਼ਾਹ ਨਾਲ ਲਾਗੂ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਮੌਜੂਦਾ ਉਦਯੋਗਿਕ ਇਕਾਈਆਂ ਦੀ ਸੁਰੱਖਿਆ, ਪ੍ਰਚਾਰ ਅਤੇ ਵਿਸਥਾਰ ਲਈ ਠੋਸ ਯਤਨ ਕਰੇਗੀ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਨੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਉਦਯੋਗਾਂ ਨੇ ਵਿਸ਼ਵ ਭਰ ਵਿੱਚ ਆਪਣੇ ਲਈ ਵਿਸ਼ੇਸ਼ ਸਥਾਨ ਬਣਾਇਆ ਹੈ ਅਤੇ ਸੂਬਾ ਸਰਕਾਰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦੇ ਹੱਥਾਂ ਵਿੱਚ ਟਿਫਿਨ ਸੌਂਪਣਾ ਚਾਹੁੰਦੇ ਹਨ ਤਾਂ ਜੋ ਉਹ ਨਸ਼ਿਆਂ ਦੇ ਖ਼ਤਰੇ ਤੋਂ ਬਚ ਸਕਣ। ਉਨ੍ਹਾਂ ਕਿਹਾ ਕਿ ਵਿਹਲਾ ਦਿਮਾਗ ਸ਼ੈਤਾਨ ਦਾ ਘਰ ਮੰਨਿਆ ਜਾਂਦਾ ਹੈ, ਇਸ ਲਈ ਸੂਬਾ ਸਰਕਾਰ ਇਹ ਯਕੀਨੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਮਿਲ ਸਕਣ ਤਾਂ ਜੋ ਉਹ ਸਮਾਜਿਕ ਖ਼ਤਰਿਆਂ ਦਾ ਸ਼ਿਕਾਰ ਨਾ ਹੋਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬੇਰੁਜ਼ਗਾਰੀ ਅਨੇਕਾਂ ਸਮਾਜਿਕ ਸਮੱਸਿਆਵਾਂ ਦੀ ਜੜ੍ਹ ਹੈ, ਜਿਸ ਕਾਰਨ ਸੂਬਾ ਸਰਕਾਰ ਉਦਯੋਗੀਕਰਨ ਨੂੰ ਉਤਸ਼ਾਹਿਤ ਕਰ ਕੇ ਇਸ ਬਿਮਾਰੀ ਨੂੰ ਜੜ੍ਹੋਂ ਖ਼ਤਮ ਕਰਨ ’ਤੇ ਧਿਆਨ ਕੇਂਦਰਿਤ ਕਰ ਰਹੀ ਹੈ।

ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਤਰੁਨਪ੍ਰੀਤ ਸਿੰਘ ਸੌਂਦ ਸਮੇਤ ਹੋਰ ਵੀ ਮੌਜੂਦ ਸਨ।

ਆਸਟਰੀਆ ...

ਦੀ ਰਾਜਧਾਨੀ ਵਿਯਨਾ ਤੋਂ ਬਾਅਦ ਦੂਜਾ ਸਭ ਤੋਂ ਪ੍ਰਮੁੱਖ ਸ਼ਹਿਰ ਹੈ।

ਗ੍ਰਾਜ਼ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਇਲਾਕੇ ਨੂੰ ਸੀਲ ਕਰ ਦਿੱਤਾ ਗਿਆ ਹੈ ਅਤੇ ਜਾਂਚ ਤੋਂ ਬਾਅਦ ਹੀ ਇਹ ਪਤਾ ਚੱਲੇਗਾ ਕਿ ਹਮਲੇ ਪਿੱਛੇ ਕੌਣ ਸੀ?

ਆਸਟਰੀਆ ਕਾਰਨ ਹੋਇਆ ਸੀ ਪਹਿਲਾ ਵਿਸ਼ਵ ਯੁੱਧ

ਆਸਟ ?ਰੀਆ ਮੱਧ ਯੂਰਪ ਦਾ ਇੱਕ ਦੇਸ਼ ਹੈ, ਜਿਸ ‘ਤੇ ਕਦੇ ਰੋਮਨ ਸਾਮਰਾਜ ਦਾ ਕਬਜ਼ਾ ਸੀ। ਪਹਿਲਾ ਵਿਸ਼ਵ ਯੁੱਧ 1914 ਵਿੱਚ ਆਸਟ ?ਰੀਆ ਅਤੇ ਸਰਬੀਆ ਵਿਚਕਾਰ ਲੜਾਈ ਕਾਰਨ ਸ਼ੁਰੂ ਹੋਇਆ ਸੀ। ਆਸਟ ?ਰੀਆ ਇਸ ਯੁੱਧ ਵਿੱਚ ਜਰਮਨੀ ਦੇ ਨਾਲ ਸੀ। ਹਾਲਾਂਕਿ, ਇਸਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਆਸਟ ?ਰੀਆ ਜਰਮਨੀ, ਇਟਲੀ ਅਤੇ ਸਵਿਟਜ਼ਰਲੈਂਡ ਦਾ ਗੁਆਂਢੀ ਦੇਸ਼ ਹੈ।

ਬਨਾਸ ...

ਕਿੰਨਾ ਡੂੰਘਾ ਹੈ। ਅਜਿਹੀ ਸਥਿਤੀ ਵਿੱਚ, ਜਦੋਂ ਇੱਕ ਨੌਜਵਾਨ ਡੁੱਬਣ ਲੱਗਾ, ਤਾਂ ਇੱਕ ਦੂਜੇ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਕਈ ਨੌਜਵਾਨ ਪਾਣੀ ਵਿੱਚ ਡੁੱਬ ਗਏ। 3 ਨੌਜਵਾਨ ਅਜੇ ਵੀ ਲਾਪਤਾ ਹਨ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

20 ਤੋਂ 25 ਸਾਲ ਦੇ ਸਾਰੇ ਨੌਜਵਾਨ, 3 ਅਜੇ ਵੀ ਲਾਪਤਾ

ਟੌਂਕ ਜ਼ਿਲ੍ਹੇ ਦੇ ਐਸਪੀ ਵਿਕਾਸ ਸਾਂਗਵਾਨ ਨੇ ਕਿਹਾ, ਜੈਪੁਰ ਤੋਂ 11 ਨੌਜਵਾਨ ਪਿਕਨਿਕ ਲਈ ਟੌਂਕ ਆਏ ਸਨ। ਸਾਰਿਆਂ ਦੀ ਉਮਰ 20 ਤੋਂ 25 ਸਾਲ ਦੱਸੀ ਜਾ ਰਹੀ ਹੈ। ਸਾਰੇ ਬਨਾਸ ਨਦੀ ਦੇ ਪੁਰਾਣੇ ਪੁਲੀ ਕੋਲ ਪਾਣੀ ਵਿੱਚ ਉਤਰ ਗਏ ਅਤੇ ਨਹਾਉਣ ਲੱਗ ਪਏ। ਨਹਾਉਂਦੇ ਸਮੇਂ ਇੱਕ ਨੌਜਵਾਨ ਡੁੱਬਣ ਲੱਗ ਪਿਆ, ਉਸਨੂੰ ਬਚਾਉਣ ਦੀ ਕੋਸ਼ਿਸ਼ ਵਿੱਚ, ਸਾਰੇ ਇੱਕ-ਇੱਕ ਕਰਕੇ ਡੁੱਬਣ ਲੱਗ ਪਏ। ਕਿਸੇ ਤਰ੍ਹਾਂ ਸਥਾਨਕ ਲੋਕਾਂ ਨੇ ਤਿੰਨ ਨੂੰ ਬਚਾਇਆ, ਪਰ 8 ਦੀ ਜਾਨ ਨਹੀਂ ਬਚਾਈ ਜਾ ਸਕੀ। ਟੌਂਕ ਦੇ ਸਆਦਤ ਹਸਪਤਾਲ ਵਿੱਚ ਵੱਡੀ ਭੀੜ ਇਕੱਠੀ ਹੋ ਗਈ ਹੈ। ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ ’ਤੇ ਪਹੁੰਚ ਗਏ। ਜ਼ਿਲ੍ਹਾ ਪੁਲਿਸ ਸੁਪਰਡੈਂਟ ਵਿਕਾਸ ਸਾਂਗਵਾਨ, ਵਧੀਕ ਪੁਲਿਸ ਸੁਪਰਡੈਂਟ ਬ੍ਰਿਜੇਂਦਰ ਸਿੰਘ ਅਤੇ ਐਸਡੀਐਮ ਅਤੇ ਹੋਰ ਅਧਿਕਾਰੀ ਹਸਪਤਾਲ ਵਿੱਚ ਮੌਜੂਦ ਹਨ। ਸਥਾਨਕ ਪ੍ਰਸ਼ਾਸਨ ਨੇ ਹਾਦਸੇ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ।

ਐਸਐਚਓ ...

ਨੇ ਸਥਾਨਕ ਪੁਲਿਸ ਨਾਲ ਮਿਲ ਕੇ ਤਲਾਸ਼ੀ ਸ਼ੁਰੂ ਕੀਤੀ, ਜਦੋਂ ਕਿ ਦੂਜੀ ਟੀਮ ਨੇ ਭੇਸ ਬਦਲ ਕੇ ਮੁਲਜ਼ਮਾਂ ਦੀ ਰੇਕੀ ਸ਼ੁਰੂ ਕੀਤੀ। ਸਟੇਸ਼ਨ ਇੰਚਾਰਜ ਖੁਦ ਰਿਕਸ਼ਾ ਚਲਾਉਂਦਾ ਰਿਹਾ ਅਤੇ ਇਲਾਕੇ ਦੀ ਨਿਗਰਾਨੀ ਕਰਦਾ ਰਿਹਾ, ਜਦੋਂ ਕਿ ਇੱਕ ਹੋਰ ਪੁਲਿਸ ਵਾਲਾ ਗੰਨੇ ਦਾ ਰਸ ਵੇਚਦਾ ਰਿਹਾ।

ਜਲੰਧਰ ...

ਪੈਸੇ ਇਕੱਠੇ ਕਰ ਰਿਹਾ ਸੀ। ਇਸ ਦੌਰਾਨ ਜਦੋਂ ਉਹ ਦੁਪਹਿਰ ਸਮੇਂ ਆਦਮਪੁਰ ਸ਼ਿਵਪੁਰੀ ਰੋਡ ਨੇੜੇ ਪਹੁੰਚਿਆ ਤਾਂ ਬਾਈਕ ‘ਤੇ ਸਵਾਰ ਦੋ ਨਕਾਬਪੋਸ਼ ਲੁਟੇਰਿਆਂ ਨੇ ਉਸਨੂੰ ਘੇਰ ਲਿਆ। ਜਿਸ ਤੋਂ ਬਾਅਦ ਉਨ੍ਹਾਂ ਨੇ ਮੇਰੇ ਹੱਥ ਅਤੇ ਗਰਦਨ ‘ਤੇ ਹਮਲਾ ਕਰਕੇ ਮੈਨੂੰ ਜ਼ਖਮੀ ਕਰ ਦਿੱਤਾ। ਇਸ ਦੌਰਾਨ ਲੁਟੇਰੇ ਉਸ ਤੋਂ ਡੇਢ ਲੱਖ ਰੁਪਏ ਲੁੱਟ ਕੇ ਭੱਜ ਗਏ।

ਪੀੜਤ ਨੇ ਦੱਸਿਆ ਕਿ ਘਟਨਾ ਦੌਰਾਨ ਲੁਟੇਰਿਆਂ ਨੇ ਹਵਾ ਵਿੱਚ ਗੋਲੀ ਵੀ ਚਲਾਈ। ਮੌਕੇ ਤੋਂ ਭੱਜਦੇ ਸਮੇਂ ਲੁਟੇਰਿਆਂ ਦੇ ਪਿਸਤੌਲ ਦਾ ਮੈਗਜ਼ੀਨ ਵੀ ਡਿੱਗ ਪਿਆ। ਮੌਕੇ ਤੋਂ ਇੱਕ ਗੋਲੀ ਦਾ ਖੋਲ ਵੀ ਬਰਾਮਦ ਹੋਇਆ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਆਦਮਪੁਰ ਪੁਲਿਸ ਮੌਕੇ ‘ਤੇ ਪਹੁੰਚ ਗਈ ਅਤੇ ਪੀੜਤ ਦੇ ਬਿਆਨ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਦੱਸ ਦੇਈਏ ਕਿ ਪਿਛਲੇ 20 ਤੋਂ 25 ਦਿਨਾਂ ਵਿੱਚ ਆਦਮਪੁਰ ਅਤੇ ਇਸਦੇ ਆਸ ਪਾਸ ਦੇ ਪਿੰਡਾਂ ਵਿੱਚ ਲੁੱਟ, ਗੋਲੀਬਾਰੀ ਅਤੇ ਹਮਲੇ ਦੀਆਂ ਲਗਭਗ 9 ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਆਦਮਪੁਰ ਪੁਲਿਸ ਉਨ੍ਹਾਂ ਨੂੰ ਰੋਕਣ ਅਤੇ ਲੁਟੇਰਿਆਂ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ। ਜਿਸ ਕਾਰਨ ਪੁਲਿਸ ਦੀ ਕਾਰਜਸ਼ੈਲੀ ‘ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

ਪੰਜਾਬ ਦੇ ...

ਇੱਕ ਚਾਨਣ ਮੁਨਾਰੇ ਬਣ ਗਏ ਹਨ, ਜਿਨ੍ਹਾਂ ਦੀਆਂ ਰੂਹਾਨੀ ਪੇਸ਼ਕਾਰੀਆਂ ਵਿਸ਼ਵ ਪੱਧਰ ’ਤੇ ਗੁਰਦੁਆਰਿਆਂ ਵਿੱਚ ਗੂੰਜਦੀਆਂ ਰਹਿੰਦੀਆਂ ਹਨ ਅਤੇ ਸ਼ਾਂਤੀ, ਅਧਿਆਤਮਿਕਤਾ ਤੇ ਸੱਭਿਆਚਾਰਕ ਸਦਭਾਵਨਾ ਨੂੰ ਉਤਸ਼ਾਹਿਤ ਕਰਦੀਆਂ ਹਨ। ਰਾਜਪਾਲ ਨੇ ਅੱਗੇ ਕਿਹਾ, ‘ਉਨ੍ਹਾਂ ਦੀ ਮਾਨਤਾ ਨਾ ਸਿਰਫ਼ ਪੰਜਾਬ ਲਈ ਮਾਣ ਵਾਲਾ ਪਲ ਹੈ, ਸਗੋਂ ਸਮੁੱਚੇ ਭਾਰਤੀ ਅਧਿਆਤਮਿਕ ਸੰਗੀਤ ਭਾਈਚਾਰੇ ਲਈ ਇੱਕ ਜਸ਼ਨ ਵੀ ਹੈ।’

ਇਸ ਮੌਕੇ, ਰਾਜਪਾਲ ਨੇ ਪੰਜਾਬ ਰਾਜ ਸੂਚਨਾ ਕਮਿਸ਼ਨਰ ਹਰਪ੍ਰੀਤ ਸੰਧੂ ਵੱਲੋਂ ਲਿਖੀ ‘ਗੁਰੂ ਤੇਗ ਬਹਾਦਰ ਸਾਹਿਬ ਦੀ ਅਧਿਆਤਮਿਕ ਯਾਤਰਾ’ ਸਿਰਲੇਖ ਵਾਲਾ ਇੱਕ ਚਿੱਤਰਕਾਰੀ ਬਰੋਸ਼ਰ ਵੀ ਜਾਰੀ ਕੀਤਾ। ਇਹ ਬਰੋਸ਼ਰ ਨੌਵੇਂ ਸਿੱਖ ਗੁਰੂ ਸਾਹਿਬ ਦੀਆਂ ਅਧਿਆਤਮਿਕ ਸਿੱਖਿਆਵਾਂ ਅਤੇ ਵਿਰਾਸਤ ਨੂੰ ਪੇਸ਼ ਕਰਦਾ ਹੈ।

ਦਿੱਲੀ ...

ਗਈਆਂ ਹਨ।

ਅੱਗ ਲੱਗਣ ਕਾਰਨ ਸੁਸਾਇਟੀ ਨੂੰ ਖਾਲੀ ਕਰਵਾ ਲਿਆ ਗਿਆ ਹੈ। ਸਾਰੇ ਨਿਵਾਸੀਆਂ ਨੂੰ ਉੱਥੋਂ ਬਾਹਰ ਭੇਜ ਦਿੱਤਾ ਗਿਆ ਹੈ। ਨਾਲ ਹੀ, ਸੁਸਾਇਟੀ ਦੇ ਬਿਜਲੀ ਅਤੇ ਪੀਐਨਜੀ ਗੈਸ ਕੁਨੈਕਸ਼ਨ ਵਰਗੀਆਂ ਸਾਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਰਾਜਧਾਨੀ ਦਿੱਲੀ ਦੇ ਦਵਾਰਕਾ ਜ਼ਿਲ੍ਹੇ ਵਿੱਚ ਸਵੇਰੇ 10 ਵਜੇ ਦੇ ਕਰੀਬ ਇੱਕ ਇਮਾਰਤ ਵਿੱਚ ਅੱਗ ਲੱਗ ਗਈ। ਦਿੱਲੀ ਫਾਇਰ ਸਰਵਿਸਿਜ਼ ਨੇ ਦੱਸਿਆ ਕਿ ਦਵਾਰਕਾ ਦੇ ਸੈਕਟਰ-13 ਵਿੱਚ ਸਬਦ ਅਪਾਰਟਮੈਂਟ ਦੀ ਸੱਤਵੀਂ ਮੰਜ਼ਿਲ ‘ਤੇ ਸਥਿਤ ਇੱਕ ਫਲੈਟ ਵਿੱਚ ਅੱਗ ਲੱਗ ਗਈ। 8 ਫਾਇਰ ਇੰਜਣ ਮੌਕੇ ‘ਤੇ ਪਹੁੰਚ ਗਏ ਹਨ। ਦੋ ਤੋਂ ਤਿੰਨ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਅੱਗ ਬੁਝਾਉਣ ਦਾ ਕੰਮ ਜਾਰੀ ਹੈ।

ਲੁਧਿਆਣਾ ...

ਪਾਰਟੀ ਦੇ ਕਈ ਸੀਨੀਅਰ ਆਗੂ ਮੌਜੂਦ ਸਨ। ਸੁਨੀਲ ਕਪੂਰ ਲੁਧਿਆਣਾ ਦੇ ਇੱਕ ਬਹੁਤ ਹੀ ਵੱਕਾਰੀ ਰਾਜਨੀਤਿਕ ਪਰਿਵਾਰ ਨਾਲ ਸਬੰਧ ਰੱਖਦੇ ਹਨ। ਉਹ ਪੰਜਾਬ ਸਰਕਾਰ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਵਿਧਾਇਕ ਰਹੇ ਸਵਰਗੀ ਲਾਲਾ ਸਰਦਾਰੀ ਲਾਲ ਕਪੂਰ ਦੇ ਪੋਤੇ ਹਨ। ਸਰਦਾਰੀ ਲਾਲ ਕਪੂਰ ਨੂੰ ਪੰਜਾਬ ਦੇ ਮਹਾਤਮਾ ਗਾਂਧੀ ਵਜੋਂ ਜਾਣਿਆ ਜਾਂਦਾ ਸੀ। ਉਨ੍ਹਾਂ ਨੇ ਪੰਜਾਬ ਦੀ ਰਾਜਨੀਤੀ ਨੂੰ ਦਿਸ਼ਾ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ।

ਰੋਜ਼ਾਨਾ ਪੰਜ ਆਬ



# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿੱਖੇ ਵਾਤਾਵਰਨ ਦਿਵਸ ਮਨਾਇਆ ਗਿਆ




**ਜੰਡਿਆਲਾ ਗੁਰੂ /ਸਤਿੰਦਰ ਬੀਰ ਸਿੰਘ ਹੁੰਦਲ, ਰਵਿੰਦਰ ਸਿੰਘ ਗਿੱਲ**

ਵਾਤਾਵਰਨ ਸੰਭਾਲਣ ਅਤੇ ਵਾਤਾਵਰਨ ਨੂੰ ਸੰਵੇਦਨਸ਼ੀਲ ਬਣਾਉਣ ਲਈ ਵਿਦਿਆਰਥੀਆਂ ਨੂੰ ਜ਼ਿਮੇਵਾਰ ਨਾਗਰਿਕ ਬਣਾਉਣ ਲਈ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ 'ਵਾਤਾਵਰਨ ਦਿਵਸ' ਮਨਾਇਆ ਗਿਆ ।

ਬੱਚਿਆਂ ਨੂੰ ਇਸ ਲਈ ਜਾਗਰੂਕ ਕੀਤਾ ਗਿਆ ਕਿ ਹਰ ਨਵੇਂ ਦਿਨ ਨੂੰ ਹੀ ਵਾਤਾਵਰਨ ਦਿਵਸ ਵਜੋਂ ਮਨਾਉਣਾ ਚਾਹੀਦਾ ਹੈ ਤਾਂ ਕਿ ਬਾਂਝ ਹੋ ਚੁੱਕੀ ਧਰਤੀ ਦੀ ਕੁੱਖ ਨੂੰ ਹਰਾ ਭਰਾ ਬਣਾਇਆ ਜਾ ਸਕੇ । ਵਾਤਾਵਰਨ ਦਿਵਸ ਮਨਾਉਣ ਦਾ ਸਾਡਾ ਉਦੇਸ਼ ਧਰਤੀ ਨੂੰ ਘਾਹ ਅਤੇ ਰੁੱਖਾਂ ਨਾਲ ਹਰਾ ਅਤੇ ਆਸਮਾਨ ਨੂੰ ਨੀਲਾ ਰੱਖਣਾ ਹੈ । ਜਿਸ ਨਾਲ ਘੱਟ ਪ੍ਰਦੂਸ਼ਣ ਹੋਵੇ । ਧਰਤੀ ਨੂੰ ਭਿਆਨਕ ਗਰਮੀ ਤੋਂ ਬਚਾਉਣ ਲਈ ਲੋੜ ਦੀ ਘੜੀ ਨੂੰ ਸਮਝਣ ਲਈ ਸੇਂਟ ਸੋਲਜਰ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੇ ਆਲੇ ਦੁਆਲੇ ਪੌਦੇ ਲਗਾਏ । ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਵੱਲੋਂ ਵਿਦਿਆਰਥੀ ਨਾਲ ਮਿਲ ਕੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਸਹੁੰ ਚੁੱਕੀ ਅਤੇ ਬੱਚਿਆਂ ਨੂੰ ਵੀ ਵਾਤਾਵਰਨ ਨੂੰ ਸੰਭਾਲਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਤਾਕੀਦ ਕੀਤੀ । ਇਸ ਸਬੰਧੀ ਸਕੂਲ ਵੱਲੋਂ ਬੱਚਿਆਂ ਨੂੰ 'ਇੱਕ ਬੱਚਾ ਇੱਕ ਪੌਦਾ' ਦੇ ਨਾਂ ਦਾ ਪ੍ਰੋਜੈਕਟ ਦਿੱਤਾ ਗਿਆ ।

# 12 ਜੂਨ ਨੂੰ ਲੁਧਿਆਣਾ ਵਿਖੇ ਮੁੱਖ ਮੰਤਰੀ ਸਮੇਤ ਕੈਬਨਿਟ ਮੰਤਰੀਆਂ ਦੇ ਪੁਤਲੇ ਫੂਕਾਂਗੇ : ਗਲੋਟੀ, ਸਰਾਂ

**ਜ਼ੀਰਾ /ਅੰਗਰੇਜ਼ ਬਰਾੜ**

ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਆਦਰਸ਼ ਸਕੂਲ ਟੀਚਿੰਗ ਨਾਨ ਟੀਚਿੰਗ ਮੁਲਾਜ਼ਮ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ ਅਤੇ ਸੂਬਾ ਜਨਰਲ ਸਕੱਤਰ ਸੁਖਦੀਪ ਕੌਰ ਸਰਾਂ ਨੇ ਦੱਸਿਆ ਕਿ ਆਦਰਸ਼ ਸਕੂਲਾਂ ਦੇ ਮੌਜੂਦਾ ਚੇਅਰਮੈਨ ਸਰਦਾਰ ਭਗਵੰਤ ਸਿੰਘ ਮਾਨ ਖੁਦ ਹਨ, ਜੋ ਕਿ ਇੱਕ ਅਧਿਆਪਕ ਦੇ ਪੁੱਤਰ ਹਨ। ਉਹਨਾਂ ਦੀ ਮੌਜੂਦਗੀ ਦੇ ਵਿੱਚ ਆਦਰਸ਼ ਸਕੂਲਾਂ ਦੇ ਅਧਿਆਪਕਾਂ ਦਾ ਸ਼ੋਸ਼ਣ ਹੋ ਰਿਹਾ ਹੈ! ਜਸਵੀਰ ਗਲੋਟੀ ਅਤੇ ਮੈਡਮ ਸਰਾਂ ਨੇ ਕਿਹਾ ਕਿ ਆਦਰਸ਼ ਸਕੂਲਾਂ ਦੇ ਨਾਮ ਤੇ ਕਰੋੜਾਂ ਰੁਪਏ ਦੇ ਬਜਟ ਪਾਸ ਕਰਕੇ ਵੀ ਅਧਿਆਪਕਾਂ ਦੇ ਹੱਥ ਖਾਲੀ ਨੇ ਸਿੱਖਿਆ ਵਿਭਾਗ ਵੱਲੋਂ ਇਨਾਂ ਅਧਿਆਪਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ, ਮੈਡਮ ਸੁਖਦੀਪ ਸਰਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹਰ ਇੱਕ ਮੰਤਰੀ ਨਾਲ ਮੀਟਿੰਗ ਕਰਨ ਤੋਂ ਬਾਅਦ ਹਾਲੇ ਤੱਕ ਕੋਈ ਰਾਹਤ ਦਾ ਸੁਨੇਹਾ ਜਾਂ ਪੱਤਰ ਪ੍ਰਾਪਤ ਨਹੀਂ ਹੋਇਆ, ਇਸ ਧਰਨੇ ਦਾ ਐਲਾਨ ਹੁੰਦਿਆਂ ਸਾਰ ਹੀ ਪੰਜਾਬ ਸਰਕਾਰ ਦੀ ਨਵੀਂ ਸਿੱਖਿਆ ਨੀਤੀ ਦੀ ਫੂਕ ਨਿਕਲ ਗਈ ਹੈ! ਮੁੱਖ ਮੰਤਰੀ ਬਣਨ ਤੋਂ ਪਹਿਲਾਂ ਖੁਦ ਭਗਵੰਤ ਸਿੰਘ ਮਾਨ ਨੇ ਇਹਨਾਂ ਸਕੂਲਾਂ ਦਾ ਪ੍ਰਚਾਰ ਕਰਕੇ ਖੂਬ ਵਾਹ ਵਾਹ ਬਟੋਰੀ ਹੈ! ਉਹਨਾਂ ਕਿਹਾ ਕਿ ਸਟੇਜਾਂ ਤੇ ਖੜ ਕੇ ਹਿੱਕ ਥਾਪੜ ਕੇ ਅਧਿਆਪਕਾਂ ਨੂੰ ਰੱਬ ਦਾ ਰੂਪ ਦੱਸਣ ਵਾਲੇ ਭਗਵੰਤ ਸਿੰਘ ਮਾਨ ਦੀ ਸਰਕਾਰ ਬਣੇ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ, ਪਰ ਇਹਨਾਂ ਕੋਲ ਇੱਕ ਵਾਰ ਵੀ ਸਾਡੀ ਜਥੇਬੰਦੀ ਨੂੰ ਬੁਲਾ ਕੇ ਗੱਲ ਕਰਨ ਦਾ ਸਮਾਂ ਨਹੀਂ ਲੱਗਾ, ਜਦ ਕਿ ਇਹਨਾਂ ਸਕੂਲਾਂ ਦੇ ਇਹ ਖੁਦ ਚੇਅਰਮੈਨ ਹਨ! 10 ਹਜਾਰ 300 ਰੁਪਏ ਤਨਖਾਹ, ਕੋਈ ਵਾਧਾ ਨਹੀਂ, ਕੋਈ ਇੰਕਰੀਮੈਂਟ ਨਹੀਂ, ਸ਼ਰਮ ਆਉਣੀ ਚਾਹੀਦੀ ਪੰਜਾਬ ਸਰਕਾਰ ਨੂੰ ਕਿ ਅੱਜ 21ਵੀਂ ਸਦੀ ਹੋਣ ਦੇ ਬਾਵਜੂਦ ਵੀ ਅਧਿਆਪਕਾਂ ਨਾਲ ਇਦਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ! ਉਹਨਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਨੂੰ ਮਾੜਾ ਕਹਿਣ ਨਾਲ ਸਰਕਾਰ ਚੰਗੀ ਨਹੀਂ ਹੋਣ ਲੱਗੀ! ਉਹਨਾਂ ਕਿਹਾ ਕਿ ਮਾਨ ਸਾਹਿਬ ਗੌਰ ਕਰੋ ਆਖਰ ਇਹ ਆਮ ਲੋਕਾਂ ਦੀ ਸਰਕਾਰ ਇਹਨਾਂ ਆਦਰਸ਼ ਸਕੂਲਾਂ ਦੇ ਆਮ ਅਧਿਆਪਕਾਂ ਤੇ ਦਰਜਾ ਚਾਰ ਮੁਲਾਜ਼ਮਾਂ ਦੇ ਹੱਕ ਕਿਉਂ ਨੱਪ ਕੇ ਬੈਠੀ ਹੈ, ਕੀ ਆਪਣੀ ਤਨਖਾਹ ਮੰਗਣਾ ਗੁਨਾਹ ਹੋ ਗਿਆ! 2 ਜੂਨ ਵਾਲੀ ਮੀਟਿੰਗ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਸ ਵੱਲੋਂ ਕੈਂਸਲ ਕਰ ਦਿੱਤੀ ਗਈ! ਜ਼ਿਕਰਯੋਗ ਹੈ ਕਿ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਦਰਸ਼ ਸਕੂਲਾਂ ਦੇ ਮਸਲਿਆਂ ਤੇ ਬਿਲਕੁਲ ਹੱਥ ਖੜੇ ਕਰ ਦਿੱਤੇ ਗਏ ਹਨ, ਜਿਸ ਦੇ ਰੋਸ ਵਜੋਂ ਮਜਬੂਰਨ ਜਥੇਬੰਦੀ ਵੱਲੋਂ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸਹਿਯੋਗ ਨਾਲ 12 ਜੂਨ ਦਿਨ ਵੀਰਵਾਰ ਨੂੰ ਲੁਧਿਆਣਾ ਵਿਖੇ ਪੰਜਾਬ ਸਰਕਾਰ ਦੇ ਕੈਬਨਟ ਮੰਤਰੀਆਂ ਦੇ ਪੁਤਲੇ ਫੂਕੇ ਜਾਣਗੇ ਅਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਜਾਵੇਗੀ। ਰੋਸ ਮੁਜ਼ਾਹਰਾ ਅਤੇ ਕਈ ਗੁਪਤ ਐਕਸ਼ਨ ਵੀ ਕੀਤੇ ਜਾਣਗੇ! ਇਸ ਮੌਕੇ ਜਥੇਬੰਦੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗਲੋਟੀ, ਸੂਬਾ ਜਨਰਲ ਸਕੱਤਰ ਸੁਖਦੀਪ ਕੌਰ ਸਰਾਂ, ਸਲੀਮ ਮੁਹੰਮਦ ਮੀਤ ਪ੍ਰਧਾਨ, ਮੀਨੂ ਬਾਲਾ ਸੀਨੀਅਰ ਮੀਤ ਪ੍ਰਧਾਨ, ਅਮਰਜੋਤ ਜੋਸ਼ੀ, ਸੀਨੀਅਰ ਜਰਨਲ ਸਕੱਤਰ ਅਮਨ ਸ਼ਾਸਤਰੀ, ਵਿੱਤ ਸਕੱਤਰ ਭੁਪਿੰਦਰ ਕੌਰ, ਸਹਾਇਕ ਵਿਤ ਸਕੱਤਰ ਸਰਬਜੀਤ ਕੌਰ, ਮੁੱਖ ਸਲਾਹਕਾਰ, ਗਗਨ ਮਹਾਜਨ, ਓਮਾ ਮਾਧਵੀ ਸੂਬਾ ਪ੍ਰਬੰਧਕ, ਸੰਜੀਵ ਕੁਮਾਰ, ਸੰਦੀਪ ਸਿੰਘ, ਦੀਪਕ ਕੁਮਾਰ, ਮਨਮੋਹਨ ਸਿੰਘ, ਜਸਵਿੰਦਰ ਕੌਰ, ਨਵਰੀਤ ਕੌਰ, ਹਰਪ੍ਰੀਤ ਕੌਰ ਵਾੜਾ ਭਾਈਕਾ, ਕੁਲਵਿੰਦਰ ਕੌਰ, ਜਗਤਾਰ ਸਿੰਘ, ਸੁਖਚੈਨ ਸਿੰਘ, ਗੁਰਚਰਨ ਸਿੰਘ, ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।



# ਲੋੜਵੰਦ ਪ੍ਰੀਵਾਰ ਦੀ ਬੇਟੀ ਦੇ ਵਿਆਹ ਦੀਆਂ ਰਸਮਾਂ ਨੂੰ ਸੰਗਤਾਂ ਦੇ ਸਹਿਯੋਗ ਨਾਲ ਪੂਰਾ ਕਰਕੇ ਕਰਵਾਇਆ ਗਿਆ ਆਨੰਦ ਕਾਰਜ

## ਆਪਣੀ ਕਿਰਤ ਕਮਾਈ ਵਿੱਚੋਂ ਆਪਣੇ ਆਲੇ ਦੁਆਲੇ ਲੋੜਵੰਦਾਂ ਦੀ ਸੇਵਾ ਕਰਕੇ ਆਪਣਾ ਫਰਜ ਨਿਭਾਓ ਬਾਬਾ ਬਿਬੇਕ ਸਿੰਘ

**ਜੰਡਿਆਲਾ ਗੁਰੂ / ਗੁਰਦੇਵ ਸਿੰਘ ਮਨਜੋਤਰਾਂ**

ਸਤਿਗੁਰ ਕੀ ਸੇਵਾ ਸਫਲ ਹੈ, ਜੇ ਕੋ ਕਰਿ ਚਿਤਿ ਲਾਇ ਬੀਤੇ ਦਿਨ ਗੋਇੰਦਵਾਲ ਸਾਹਿਬ ਵਿਖੇ ਲੋੜਵੰਦ ਪ੍ਰੀਵਾਰ ਦੀ ਬੇਟੀ ਦੇ ਆਨੰਦ ਕਾਰਜ ਮੌਕੇ ਜਾਣ ਦਾ ਮੌਕਾ ਮਿਲਿਆ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆਂ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਨੇ ਅੱਗੇ ਦੱਸਿਆ ਕਿ ਵਿਸ਼ਾਲ ਸਿੰਘ ਨੌਰੰਗਾਬਾਦ ਨੇ ਸਾਨੂੰ ਇਕ ਲੋੜਵੰਦ ਪ੍ਰੀਵਾਰ ਦੀ ਬੇਟੀ ਦੇ ਆਨੰਦ ਕਾਰਜ ਬਾਰੇ ਸੂਚਨਾ ਦਿੱਤੀ ਕੱਲ੍ਹ ਜਦੋਂ ਅਸੀਂ ਇਸ ਬੇਟੀ ਦੇ ਵਿਆਹ ਆਨੰਦ



ਕਾਰਜ ਵਿੱਚ ਪਹੁੰਚੇ ਤਾਂ ਦੇਖਿਆ ਕਿ ਵਿਆਹ ਵਾਲੀ ਬੇਟੀ ਦੀਆਂ ਵਿਆਹ ਦੀਆਂ ਕਾਫੀ ਰਸਮਾਂ ਅਧੂਰੀਆਂ ਪਈਆਂ ਸਨ ਜੋ ਸਮੇਂ ਸਿਰ ਸਤਿਗੁਰ ਜੀ ਨੇ ਸਾਡੇ ਕੋਲੋਂ ਸੇਵਾ ਲੈਣ ਲਈ ਸਾਨੂੰ ਸੁਨੇਹਾ ਲਗਾਇਆ ਜਿਸ ਸੇਵਾ ਨੂੰ ਨਿਭਾਉਣ ਲਈ ਦਾਸ ਬੇਟੀ ਦੇ ਗ੍ਰਹਿ ਵਿਖੇ ਪਹੁੰਚ ਗਿਆ ਤੇ ਬੇਟੀ ਦੇ ਆਨੰਦ ਕਾਰਜ ਦੀਆਂ ਰਸਮਾਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰੀਆਂ ਕਰਦਿਆਂ ਹੋਇਆਂ ਗੁਰਮਰਿਯਾਦਾ ਅਨੁਸਾਰ ਆਨੰਦ ਕਾਰਜ ਕਰਵਾਇਆ ਗਿਆ ! ਇਸ ਕਾਰਜ ਵਿੱਚ ਭਾਈ ਬਿਕਰਮਜੀਤ ਸਿੰਘ ਨਾਰਾਇਣਗੜ੍ਹ ਵੱਲੋਂ ਵੀ ਸੇਵਾ ਨਿਭਾਈ ਗਈ ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਜਿਹੜੀਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਨੇ ਖਜਾਨੇ ਬਖਸੇ ਹਨ ਉਹ ਸੰਗਤਾਂ ਆਪਣੇ ਆਲੇ ਦੁਆਲੇ ਇਲਾਕੇ ਵਿੱਚ ਲੋੜਵੰਦ ਬੱਚਿਆਂ ਬੱਚੀਆਂ ਦੀ ਜਰੂਰ ਬਾਂਹ ਫੜਨ ਅਤੇ ਆਪਣੀ ਕਿਰਤ ਕਮਾਈ ਨੂੰ ਸਫਲ ਬਣਾਉਣ ਲਈ ਆਪਣੇ ਹੱਥੀਂ ਉਨਾਂ ਦੀਆਂ ਜਰੂਰਤਾਂ ਚ ਹਿੱਸਾ ਪਾ ਕੇ ਸੇਵਾ ਕਰਕੇ ਸਤਿਗੁਰ ਦੀਆਂ ਖੁਸੀਆਂ ਪ੍ਰਾਪਤ ਕਰਨ !

# ਰਾਸ਼ਟਰੀ ਹਿੰਦੂ ਚੇਤਨਾ ਮੰਚ ਵੱਲੋਂ ਜਲਦ ਹੀ ਪੰਜਾਬ ਵਿੱਚ ਨਵੀਆਂ ਟੀਮਾਂ ਦਾ ਹੋਵੇਗਾ ਐਲਾਨ:ਡਿੰਪੀ ਚੌਹਾਨ

## ਕਾਨੂੰਨੀ ਸੈੱਲ ਅਤੇ ਮਹਿਲਾ ਵਿੰਗ ਦਾ ਕੀਤਾ ਜਾਵੇਗਾ ਗਠਨ

**ਅੰਮ੍ਰਿਤਸਰ**

ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਡਿੰਪੀ ਚੌਹਾਨ, ਸੂਬਾ ਪ੍ਰਧਾਨ ਅਨੁਜ ਖੇਮਕਾ ਦੀ ਪ੍ਰਧਾਨਗੀ ਹੇਠ ਬਟਾਲਾ ਰੋਡ 'ਤੇ ਹੋਈ ਮੀਟਿੰਗ ਵਿੱਚ ਮੁੱਖ ਮੁੱਦਿਆਂ 'ਤੇ ਚਰਚਾ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਅਨੁਜ ਖੇਮਕਾ ਨੇ ਕਿਹਾ ਕਿ ਜਲਦੀ ਹੀ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਫੋਰਮ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਡਿੰਪੀ ਚੌਹਾਨ ਦੀ ਪ੍ਰਧਾਨਗੀ ਹੇਠ ਨਵੀਆਂ ਟੀਮਾਂ ਦਾ ਐਲਾਨ ਕੀਤਾ ਜਾਵੇਗਾ ਅਤੇ ਮੰਚ ਵੱਲੋਂ ਲੀਗਲ ਸੈੱਲ ਅਤੇ ਮਹਿਲਾ ਵਿੰਗ ਦਾ ਗਠਨ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਿੰਦੂ ਧਰਮ ਅਤੇ ਦੇਸ਼ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਵਾਲੇ ਦੇਸ਼ ਭਗਤ ਲੋਕਾਂ ਨੂੰ ਮੰਚ ਨਾਲ ਜੋੜਿਆ ਜਾਵੇਗਾ। ਡਿੰਪੀ ਚੌਹਾਨ ਅਤੇ ਅਨੁਜ ਖੇਮਕਾ ਨੇ ਕਿਹਾ ਕਿ ਰਾਸ਼ਟਰੀ ਹਿੰਦੂ ਚੇਤਨਾ ਮੰਚ ਇੱਕ ਅਜਿਹਾ ਸੰਗਠਨ ਹੈ ਜਿਸਦਾ ਮੁੱਖ ਉਦੇਸ਼ ਨੌਜਵਾਨਾਂ ਵਿੱਚ ਰਾਸ਼ਟਰ ਪ੍ਰਤੀ ਜਾਗਰੂਕਤਾ ਪੈਦਾ ਕਰਨਾ, ਦੇਸ਼ ਦੀ ਰੱਖਿਆ ਕਰਨਾ ਅਤੇ ਹਿੰਦੂ ਧਰਮ ਦਾ ਪ੍ਰਚਾਰ ਕਰਨਾ ਹੈ। ਇਹ ਮੰਚ ਹਰ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਸ਼ਾਮਲ ਹੁੰਦਾ ਹੈ। ਇਹ ਲੋਕਾਂ ਨੂੰ ਦੇਸ਼ ਅਤੇ ਧਰਮ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਫੋਰਮ ਦਾ ਯਤਨ ਹੈ ਕਿ ਹਰ ਨੌਜਵਾਨ ਭਾਰਤੀ ਸੱਭਿਆਚਾਰ ਨੂੰ ਚੰਗੀ ਤਰ੍ਹਾਂ ਸਮਝੇ ਅਤੇ ਇਸਨੂੰ ਅਪਣਾਉਣ ਦੀ ਕੋਸ਼ਿਸ਼ ਕਰੇ ਕਿਉਂਕਿ ਅੱਜ ਦਾ ਨੌਜਵਾਨ ਪੱਛਮੀ ਸੱਭਿਅਤਾ ਵੱਲ ਵਧ ਰਿਹਾ ਹੈ, ਉਨ੍ਹਾਂ ਨੂੰ ਭਾਰਤੀ ਸੱਭਿਆਚਾਰ ਨਾਲ ਜੋੜਨ ਲਈ ਮੰਚ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੇਵਾ ਲਈ ਸੰਗਠਨ ਦਾ ਮਜ਼ਬੂਤ ?ਹੋਣਾ ਬਹੁਤ ਜ਼ਰੂਰੀ ਹੈ। ਮੀਟਿੰਗ ਵਿੱਚ ਰਾਸ਼ਟਰੀ ਜਨਰਲ ਸਕੱਤਰ ਸੰਜੀਵ ਮਹਿਤਾ, ਸੂਬਾ ਉਪ ਪ੍ਰਧਾਨ ਸ਼ੰਕਰ ਅਰੋੜਾ, ਨਰੇਸ਼ ਮਹਾਜਨ, ਰਾਕੇਸ਼ ਖੰਨਾ, ਜ਼ਿਲ੍ਹਾ ਜਨਰਲ ਸਕੱਤਰ ਅਮਨ ਜੋਸ਼ੀ, ਪ੍ਰਦੀਪ ਸ਼ਰਮਾ, ਸੋਨੂੰ ਸ਼ਰਮਾ, ਮੁਕੇਸ਼ ਕੁਮਾਰ, ਵਿਸ਼ਾਲ ਸ਼ਰਮਾ, ਰਾਜੇਂਦਰ ਕੁਮਾਰ, ਸੰਜੇ ਕੇਜਰੀਵਾਲ, ਦੀਪਕ ਸ਼ਰਮਾ, ਰਮਨ ਕਪੂਰ, ਅਸ਼ਵਨੀ ਮਹਾਜਨ ਅਤੇ ਫੋਰਮ ਦੇ ਸਾਰੇ ਮੈਂਬਰਾਂ ਨੇ ਹਿੱਸਾ ਲਿਆ।



# ਭਾਰਤ ਵਿਕਾਸ ਪ੍ਰੀਸ਼ਦ ਦੀ ਪ੍ਰੇਰਨਾ ਸਦਕਾ ਡਾ ਵਰਮਾ ਦੇ ਪਰਿਵਾਰ ਨੇ ਦੋ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ

**ਜ਼ੀਰਾ / ਅੰਗਰੇਜ਼ ਬਰਾੜ**

ਉੱਘੀ ਸਮਾਜ ਸੇਵੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਜ਼ੀਰਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜ਼ੀਰਾ ਅਤੇ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ ਦੇ ਉਧਮ ਸਦਕਾ ਸੰਸਥਾ ਵੱਲੋਂ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜਕੇ ਹਿੱਸਾ ਲੈਂਦਿਆਂ ਹੁਣ ਤੱਕ 37 ਸਿਲਾਈ ਸੈਂਟਰ ਸਥਾਪਿਤ ਕਰਕੇ ਗਰੀਬ ਪਰਿਵਾਰਾਂ ਦੀਆਂ ਪੜੀਆਂ ਲਿਖੀਆਂ ਕੁੜੀਆਂ ਨੂੰ ਸਿਲਾਈ ਦਾ ਕੰਮ ਸਿਖਾਂ ਕੇ ਘਰਾਂ ਵਿੱਚ ਬੈਠ ਕੇ ਕੰਮ ਕਰਨ ਲਈ ਸਮਾਜ ਸੇਵੀ ਲੋਕਾਂ ਦੇ ਸਹਿਯੋਗ ਨਾਲ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਵੀ ਦਿੱਤੀ ਜਾਂਦੀਆਂ ਹਨ। ਇਸੇ ਲੜੀ ਤਹਿਤ ਸੰਸਥਾ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਸ਼ਹਿਰ ਦੇ



ਨਾਮੀ ਡਾ ਪ੍ਰਦੀਪ ਵਰਮਾ ਦੀ ਧਰਮ ਪਤਨੀ ਡਾ ਅੰਜੂ ਵਰਮਾ ਜ਼ੀਰਾ ਅਤੇ ਬੇਟੀ ਡਾ ਗਰਿਮਾ ਵਰਮਾ ਵੱਲੋਂ ਲੋੜਵੰਦ ਦੋ ਔਰਤਾਂ ਅਮਰਜੀਤ ਕੌਰ ਬੰਬ ਬਡਾਲਾ ਨੌ ਅਤੇ ਸੁੱਖੀ ਕੌਰ ਪਿੰਡ ਵਲਟੋਹਾ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ। ਇਸ ਮੌਕੇ ਸੰਸਥਾ ਦੇ ਪ੍ਰਧਾਨ ਸੁਖਦੇਵ ਬਿੱਟੂ ਵਿੱਜ ਅਤੇ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ ਨੇ ਡਾ ਪ੍ਰਦੀਪ ਵਰਮਾ ਉਨ੍ਹਾਂ ਦੀ ਪਤਨੀ ਅਤੇ ਬੇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਵਿਚ ਗ਼ਰੀਬ ਪਰਿਵਾਰਾਂ ਦੀ ਮਦਦ ਕਰਨਾ ਅਤੇ ਸਵੈ ਰੋਜ਼ਗਾਰ ਦੇਣਾ ਸਭ ਤੋਂ ਵੱਡਾ ਦਾਨ ਹੈ। ਇਸ ਮੌਕੇ ਸੰਸਥਾ ਵੱਲੋਂ ਵਰਮਾ ਪਰਿਵਾਰ ਦਾ ਸਨਮਾਨ ਚਿੰਨ੍ਹ ਦੇ ਕੇ ਮਾਣ ਸਨਮਾਨ ਕੀਤਾ ਗਿਆ।ਇਸ ਮੌਕੇ ਸਤਿੰਦਰ ਸਚਦੇਵਾ ਸਟੇਟ ਵਾਈਸ ਪ੍ਰਧਾਨ, ਸੁਖਦੇਵ ਬਿੱਟੂ ਵਿੱਜ ਬ੍ਰਾਂਚ ਪ੍ਰਧਾਨ,ਨੀਤੂ ਸ਼ਰਮਾ ਕਨਵੀਨਰ ਮਹਿਲਾ ਵਿੰਗ, ਚੇਅਰਮੈਨ ਮਹਿੰਦਰ ਪਾਲ, ਡਾ ਪ੍ਰਦੀਪ ਵਰਮਾ,ਡਾ ਅੰਜੂ ਵਰਮਾ ਗੁਰਬਖਸ਼ ਸਿੰਘ ਵਿੱਜ ਕੈਸ਼ੀਅਰ, ਜਗਜੀਤ ਸਿੰਘ ਵਾੜਾ ਪੋਹਵਿੰਡ ਆਦਿ ਹਾਜ਼ਰ ਸਨ।

# ਪਾਣੀ ਸਾਡੇ ਜੀਵਨ ਲਈ ਬਹੁਤ ਅਨਮੋਲ ਹੈ ਅਤੇ ਪਾਣੀ ਤੋਂ ਬਿਨਾਂ ਜ਼ਿੰਦਗੀ ਕੱਟਣੀ ਬਹੁਤ ਹੀ ਔਖੀ ਹੈ : ਕੁਲਵਿੰਦਰ ਸਿੰਘ ਜੰਡਾ

**ਹੁਸ਼ਿਆਰਪੁਰ/ ਤਰਸੇਮ ਦੀਵਾਨਾ**

'ਪਾਣੀ ਸਾਡੇ ਜੀਵਨ ਲਈ ਬਹੁਤ ਅਨਮੋਲ ਹੈ ਪਾਣੀ ਤੋਂ ਬਿਨਾਂ ਜ਼ਿੰਦਗੀ ਕੱਟਣੀ ਬਹੁਤ ਹੀ ਔਖੀ ਹੈ ਕਿਉਂਕਿ ਪਾਣੀ ਇਨਸਾਨੀ ਜ਼ਿੰਦਗੀ ਦੇ ਨਾਲ ਨਾਲ ਪਸ਼ੂਆਂ ਪੰਛੀਆਂ ਅਤੇ ਦਰਖ਼ਤਾਂ ਦੀ ਪਿਆਸ ਬੁਝਾਉਣ ਵਾਸਤੇ ਬਣੀ ਇੱਕ ਨਿਆਮਤ ਚੀਜ਼ ਹੈ ਪਾਣੀ ਦੀ ਗਰਮੀਆਂ ਦੇ ਮੌਸਮ ਦੇ ਨਾਲ ਨਾਲ ਸਰਦੀਆਂ ਦੇ ਮੌਸਮ ਵਿੱਚ ਵੀ ਮਨੁੱਖ ਦੇ ਨਾਲ ਨਾਲ ਸਾਰੇ ਪਸੂ-ਪੰਛੀਆਂ ਅਤੇ ਦਰਖਤਾਂ ਨੂੰ ਵੀ ਬਹੁਤ ਲੋੜ ਹੁੰਦੀ ਹੈ ਇਹ ਵਿਚਾਰ ਬੁੱਧੀਜੀਵੀ ਸ਼ਖਸ਼ੀਅਤ ਅਤੇ ÷ਸੱਭਿਆਚਾਰ ਸੰਭਾਲ ਸੁਸਾਇਟੀ÷ ਦੇ ਪ੍ਰਧਾਨ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ਉਹਨਾਂ ਕਿਹਾ ਕਿ ਮਨੁੱਖ ਤਾਂ ਪਾਣੀ ਦਾ ਪ੍ਰਬੰਧ ਕਿਸੇ ਨਾ ਕਿਸੇ ਪਾਸਿਓਂ ਕਰ ਹੀ ਲੈਂਦਾ ਹੈ,ਪਰ ਬੇਜੁਬਾਨ ਪਸੂਆ ਤੇ ਪੰਛੀਆਂ ਨੂੰ ਵੀ ਅੱਤ ਦੀ ਗਰਮੀ ਵਿੱਚ ਆਪਣੀ ਪਿਆਸ ਬੁਝਾਉਣ ਲਈ ਦਰ ਦਰ ਭਟਕਣਾ ਪੈਂਦਾ ਹੈ, । ਉਹਨਾ ਦੱਸਿਆ ਕਿ ਕਈ ਵਾਰ ਪਾਣੀ ਨਾ ਮਿਲਣ ਕਰਕੇ ਪੰਛੀ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ ਪਾਣੀ ਤੋਂ ਬਿਨਾਂ ਬੇਹੋਸ਼ ਹੋ ਕੇ ਡਿੱਗੇ ਪੰਛੀਆਂ ਨੂੰ ਦੇਖ ਕੇ ਹਰੇਕ ਵਿਅਕਤੀ ਦਾ ਮਨ ਪਸੀਜ ਜਾਂਦਾ ਹੈ ਉਹਨਾਂ ਕਿਹਾ ਕਿ ਕਈ ਪਿੰਡਾਂ ਅਤੇ ਸਹਿਰਾ ਵਿੱਚ ਜਿੱਥੇ ਲੋਕਾਂ ਕੋਲ ਜਿਆਦਾ ਥਾਂ ਨਾ ਹੋਣ ਕਾਰਣ ਪੰਛੀਆਂ ਦੀ ਪਿਆਸ ਬੁਝਾਉਣ ਲਈ ਲੋਕ ਮਿੱਟੀ ਦੇ ਭਾਂਡਿਆਂ ਦਾ ਵਿਸ਼ੇਸ਼ ਇੰਤਜਾਮ ਕਰਕੇ ਉਹਨਾਂ ਭਾਂਡਿਆਂ ਵਿੱਚ ਪਾਣੀ ਪਾ ਕੇ ਆਪਣੇ ਮਕਾਨਾ ਉੱਪਰ ਪੰਛੀਆਂ ਦੇ ਪੀਣ ਲਈ ਰੱਖਦੇ ਹਨ। ਉੱਥੇ ਹੀ ਸਹਿਰਾਂ ਵਿੱਚ ਲੋਕ ਆਪਣੇ ਚੁਬਾਰਿਆਂ ਦੀਆ ਛੱਤਾਂ ਤੇ ਮਿੱਟੀ ਦੇ ਭਾਂਡਿਆਂ ਵਿੱਚ ਪਾਣੀ ਪਾ ਕੇ ਪੰਛੀਆਂ ਲਈ ਰੱਖਦੇ ਹਨ । ਉਹਨਾ ਸਮੂਹ ਸਮਾਜ ਸੇਵੀ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਗਰਮੀ ਦੇ ਮੌਸਮ ਵਿੱਚ ਪੰਛੀਆਂ ਅਤੇ ਜਾਨਵਰਾਂ ਦੀ ਪਿਆਸ ਬੁਝਾਉਣ ਲਈ ਮਿੱਟੀ ਦੇ ਬਰਤਨਾ ਵਿੱਚ ਪਾਣੀ ਜਰੂਰ ਭਰ ਕੇ ਰੱਖਣ।



# ਨਸ਼ੇ ਦਾ ਸੇਵਨ ਕਰ ਰਿਹਾ ਨੌਜਵਾਨ ਢਿਲਵਾਂ ਪੁਲਿਸ ਨੇ ਕੀਤਾ ਕਾਬੂ

**ਕਪੂਰਥਲਾ /ਸੁਖੀਜਾ**

ਥਾਣਾ ਢਿਲਵਾਂ ਦੀ ਪੁਲਿਸ ਨੇ ਹੈਰੋਇਨ ਦਾ ਸੇਵਨ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏ ਐਸ ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਉਹ ਪੁਲਿਸ ਪਾਰਟੀ ਨਾਲ ਸਮਾਜ ਵਿਰੋਧੀ ਅਨਸਰਾਂ ਦੀ ਭਾਲ ਵਿੱਚ ਪਿੰਡ ਗੁਡਾਨਾ ਅਤੇ ਮਿਆਣੀ ਬਾਕਰਪੁਰ ਆਦਿ ਨੂੰ ਜਾ ਰਿਹਾ ਸੀ,ਇਸ ਦੌਰਾਨ ਮੁਖਬਰ ਨੇ ਸੂਚਨਾ ਦਿੱਤੀ ਕਿ ਇੱਕ ਨੌਜਵਾਨ ਪੁਰਾਣੇ ਪੁਲ ਦੇ ਹੇਠਾਂ ਝਾੜੀਆਂ ਵਿੱਚ ਲੁਕ ਕੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰ ਰਿਹਾ ਹੈ, ਜੇਕਰ ਹੁਣੇ ਛਾਪਾ ਮਾਰਿਆ ਜਾਵੇ ਤਾਂ ਉਸਨੂੰ ਫੜਿਆ ਜਾ ਸਕਦਾ ਹੈ। ਜਦੋਂ ਏ ਐਸ ਆਈ ਪਰਮਜੀਤ ਸਿੰਘ ਨੇ ਉਸ ਵੱਲੋਂ ਦੱਸੀ ਗਈ ਜਗ ?ਹਾ 'ਤੇ ਛਾਪਾ ਮਾਰਿਆ ਤਾਂ ਦੋਸ਼ੀ ਨੂੰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦੇ ਹੋਏ ਫੜ ਲਿਆ ਗਿਆ ਅਤੇ ਉਸਦੇ ਕਬਜ਼ੇ ਵਿੱਚੋਂ ਇੱਕ ਚਾਂਦੀ ਦਾ ਕਾਗਜ਼, ਇੱਕ 10 ਰੁਪਏ ਦਾ ਨੋਟ ਅਤੇ ਇੱਕ ਲਾਈਟਰ ਬਰਾਮਦ ਹੋਇਆ। ਕਾਬੂ ਕੀਤੇ ਨੌਜਵਾਨ ਦੀ ਪਹਿਚਾਣ ਹਰੂਨ ਵਾਸੀ ਰਾਏਪੁਰ ਅਰਾਈਆਂ ਥਾਣਾ ਢਿਲਵਾਂ ਵਜੋਂ ਹੋਈ ਹੈ। ਉਕਤ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਵਿਰੁੱਧ ਢਿਲਵਾਂ ਥਾਣੇ ਵਿੱਚ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਜਾਣਕਾਰੀ ਦਿੱਤੀ ਗਈ

## ਖੇਤੀਬਾੜੀ ਵਿਕਾਸ ਅਧਿਕਾਰੀ ਮੋਹਿਤ ਕੁਮਾਰ ਤੇ ਡਾ. ਪਰਮਿੰਦਰ ਸਿੰਘ ਨੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਦਿੱਤੀ ਜਾਣਕਾਰੀ

**ਗੜ੍ਹਸ਼ੰਕਰ /ਰਾਕੇਸ਼ ਕੁਮਾਰ**

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਬਾਰੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਜਾਣਕਾਰੀ ਦੇਣ ਲਈ ਪੀਏਯੂ-ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਗੜ੍ਹਸ਼ੰਕਰ ਨੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਪਿੰਡ ਡੱਲੇਵਾਲ ਵਿੱਚ ਇੱਕ ਕੈਂਪ ਲਗਾਇਆ। ਇਸ ਮੌਕੇ ਮਾਹਿਰਾਂ ਨੇ ਪੀਏਯੂ - ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਦੇ ਖੇਤੀਬਾੜੀ ਵਿਕਾਸ ਅਧਿਕਾਰੀ ਮੋਹਿਤ ਕੁਮਾਰ ਅਤੇ ਡਾ. ਪਰਮਿੰਦਰ ਸਿੰਘ ਰਾਹੀਂ ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ






ਜਾਣਕਾਰੀ ਦਿੱਤੀ। ਇਸ ਮੌਕੇ ਖੇਤੀਬਾੜੀ ਵਿਕਾਸ ਅਧਿਕਾਰੀ ਮੋਹਿਤ ਕੁਮਾਰ ਨੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਤੇ ਕੇਂਦਰ ਸਰਕਾਰ ਦੀਆਂ ਹੋਰ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਜਿਨ੍ਹਾਂ ਕਿਸਾਨਾਂ ਦੇ ਖਾਤਿਆਂ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦੀ ਰਕਮ ਨਹੀਂ ਆ ਰਹੀ, ਉਨ੍ਹਾਂ ਲਈ ਤੁਰੰਤ ਕੇਵਾਈਸੀ ਅਤੇ ਜ਼ਮੀਨ ਦੀ ਸੀਲਿੰਗ ਕਰਵਾਉਣਾ ਜ਼ਰੂਰੀ ਹੈ ਤਾਂ ਜੋ ਉਕਤ ਰਕਮ ਉਨ੍ਹਾਂ ਦੇ ਖਾਤਿਆਂ ਵਿੱਚ ਆਉਣੀ ਸ਼ੁਰੂ ਹੋ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਕਿਸਾਨਾਂ ਨੂੰ ਫ਼ਸਲ ਵਿਭਿੰਨਤਾ, ਮੱਕੀ ਦੇ ਬੀਜ, ਗਰਮੀਆਂ ਵਿੱਚ ਕਿਹੜੀਆਂ ਸਬਜ਼ੀਆਂ ਬੀਜੀਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਦੇ ਬੀਜਾਂ ਬਾਰੇ ਜਾਣਕਾਰੀ ਦਿੱਤੀ, ਇਸ ਤੋਂ ਇਲਾਵਾ ਕਿਹਾ ਕਿ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਅਤੇ ਵਾਤਾਵਰਣ ਨੂੰ ਸਾਫ਼-ਸੁਥਰਾ ਬਣਾਉਣ ਲਈ ਰੁੱਖ ਲਗਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅੱਜ ਤਾਪਮਾਨ ਵਧ ਰਿਹਾ ਹੈ, ਇਸ ਤੋਂ ਬਚਣ ਲਈ ਆਉਣ ਵਾਲੇ ਸਮੇਂ ਵਿੱਚ ਅਸੀਂ ਵੱਧ ਤੋਂ ਵੱਧ ਗਿਣਤੀ ਵਿੱਚ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਦੇਖਭਾਲ ਕਰਕੇ ਹੀ ਆਪਣੇ ਆਪ ਨੂੰ ਬਚਾ ਸਕਦੇ ਹਾਂ, ਨਹੀਂ ਤਾਂ ਆਉਣ ਵਾਲੇ ਸਾਲਾਂ ਵਿੱਚ ਤਾਪਮਾਨ 50 ਡਿਗਰੀ ਨੂੰ ਪਾਰ ਕਰ ਜਾਵੇਗਾ। ਇਸ ਮੌਕੇ ਸਰਪੰਚ ਗੁਰਚੈਨ ਡੱਲੇਵਾਲ, ਆਲ ਇੰਡੀਆ ਜਾਟ ਮਹਾਂਸਭਾ ਦੇ ਸੂਬਾ ਜਨਰਲ ਸਕੱਤਰ ਅਜਾਇਬ ਸਿੰਘ ਬੋਪਾਰਾਏ, ਪੰਕਜ ਜਸਵਾਲ, ਸਰਪੰਚ ਨਰੇਸ਼ ਕੁਮਾਰ ਮਹਿੰਦਵਾਨੀ, ਸਰਪੰਚ ਰਾਮ ਸ਼ਾਹ ਕੋਕੋਵਾਲ ਗੁੱਜਰਾਂ, ਸਰਪੰਚ ਸ਼ਮਸ਼ੇਰ ਸਿੰਘ, ਸੁਰਜੀਤ ਰਾਣਾ, ਗਗਨ ਰਿਆਤ, ਚਰਨਜੀਤ ਪੰਚ, ਟੋਨੀ ਚੌਧਰੀ, ਸੁਰੇਸ਼ ਪੰਚਾਂ, ਸੁਰੇਸ਼ ਪੰਚਾਂ, ਐਨ. ਹੁਸਨ ਲਾਲ ਬਜਾਦ, ਲੱਕੀ ਕਟਾਰੀਆ, ਸੰਨੀ ਰਿਆਤ, ਸੰਜੂ ਰਾਣਾ, ਅਵਤਾਰ ਰਾਣਾ, ਮਿੰਟੂ ਰਾਣਾ, ਅਜੇ ਡੱਲੇਵਾਲ, ਅਮਨਦੀਪ, ਪ੍ਰਕਾਸ਼ ਡੱਲੇਵਾਲ, ਅਮਰੀਕ ਲਾਡੀ ਮਲਕੋਵਾਲ ਆਦਿ ਹਾਜ਼ਰ ਸਨ।

# ਬਜ਼ੁਰਗਾਂ ਦੀ ਸਮੱਸਿਆ

ਪ੍ਰੋ ਅਜਮੇਰ ਸਿੰਘ ਜੀ ਨੇ ਫੇਸਬੁੱਕ ਤੇ ਏਸ ਮੁੱਦੇ ਤੇ ਚਰਚਾ ਛੇੜੀ।ਛਿੜਨੀ ਚਾਹੀਦੀ ਦੀ ਵੀ ਹੈ,ਕਿਉਂਜੋ ਇਹ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ।ਜਿਵੇਂ ਜਿਵੇਂ ਦੇਸ਼ ਦਾ ਆਰਥਿਕ ਮਾਡਲ ਵਧਿਆ ਤੇ ਨਾਲ ਹੀ ਓਵੇਂ ਓਵੇਂ ਪਰਿਵਾਰਾਂ ਦੀ ਭਾਰੀ ਟੁੱਟਭੱਜ ਵੀ ਹੋਈ।ਛੋਟੇ ਪਰਿਵਾਰ ਹੋਣ ਨਾਲ ਬੱਚੇ ਵਿਦੇਸੀਂ ਜਾਂ ਕਾਰਪੋਰੇਟ ਸੈਕਟਰ ਵੱਲ ਖਿੱਚੇ ਗਏ।ਪੰਜਾਹਵਿਆਂ ਤੋਂ ਬਾਅਦ ਜੰਮੇ ਬਜ਼ੁਰਗ ਘਰਾਂ 'ਚ ਇਕੱਲੇ ਰਹਿ ਗਏ।ਵਿਦੇਸ਼ਾਂ 'ਚ ਜਾਂ ਦੂਜੇ ਪ੍ਰਾਂਤਾਂ 'ਚ ਬਜ਼ੁਰਗਾਂ ਨੂੰ ਨਾਲ ਵੀ ਬੱਚੇ ਲੈ ਜਾਂਦੇ ਨੇ,ਪਰ ਫਲੈਟਾਂ ਅੰਦਰ ਤੇ ਆਪਣੀ ਸਭਿਆਚਾਰਕ ਸਪੇਸ ਤੋਂ ਟੁੱਟੇ ਇਹ ਬਜ਼ੁਰਗ ਖਾਲੀ ਅੱਖਾਂ ਨਾਲ ਆਸਪਾਸ ਵੇਖਦੇ ਕੇਵਲ ਸਾਹ ਹੀ ਲੈ ਰਹੇ ਹੁੰਦੇ ਨੇ।ਉਹਨਾਂ ਅੰਦਰਲਾ ਪੀਪੇ ਵਾਂਗ ਖਾਲੀ ਹੁੰਦਾ ਹੈ।ਕੁਝ ਕੁ ਪੜ੍ਹੇ ਲਿਖੇ ਜ਼ਹੀਨ ਬੁਧ ਦੇ ਮਾਲਕ ਤਾਂ ਪੜ੍ਹਾਈ ਲਿਖਾਈ ਜਾਂ ਕੁੱਝ ਹੋਰ ਰੁਚੀਆਂ ਡਿਵੈਲਪ ਕਰਕੇ ਸਪੇਸ ਨੂੰ ਭਰ ਵੀ ਰਹੇ ਨੇ,ਪਰ ਬਹੁਤਿਆਂ ਦਾ ਮੰਦਾ ਹਾਲ ਈ ਐ।

ਏਸ ਸਬੰਧ ਵਿੱਚ ਥੋੜਾ ਜਿਹਾ ਹੋਰ ਕਹਾਂਗਾ ਕਿ ਜਿਉਂ ਜਿਉਂ ਸ਼ੋਸ਼ਲ ਮੀਡੀਆ,19 ਵਗੈਰਾ ਆ ਰਹੇ ਨੇ,ਬੰਦਾ ਮਸ਼ੀਨੀਕ੍ਰਿਤ ਹੁੰਦਾ ਜਾਵੇਗਾ।ਪੁਰਾਣਾ ਨੈਰੇਟਿਵ ਆਪਣੀ ਥਾਂ ਹੈ,ਉਹਦਾ ਆਪਣਾ ਲੌਜਿਕ ਹੈ।ਪਰ ਹਕੀਕਤ ਵੀ ਸਾਹਮਣੇ ਹੈ ਕਿ ਘਰ ਮਾਈਕਰੋ ਹੋ ਰਹੇ ਨੇ,ਏਥੋਂ ਅੱਗੇ ਬੰਦਾ ਡਿਜ਼ਟਲ ਰਿਲੇਸ਼ਨ ਵੱਲ ਵੱਧ ਰਿਹਾ ਹੈ। ਹਾਂ, ਪੁਰਾਣੀ ਪੀੜ੍ਹੀ ਅੱਗੇ ਵੱਡਾ ਸੰਕਟ ਆ ਖਲੋਤੈ।ਇਹਦਾ ਹੱਲ ਸਰਕਾਰਾਂ ਨੂੰ ਕੱਢਣਾ ਚਾਹੀਦਾ ਸੀ,ਜੋ ਬਿਲਕੁਲ ਧਿਆਨ ਨਹੀਂ ਦੇ ਰਹੀਆਂ।ਇਹ ਸਮੱਸਿਆ ਵਿਕਰਾਲਤਾ ਵੱਲ ਵਧੇਗੀ ਤੇ ਕਾਫ਼ੀ ਹੱਦ ਤੱਕ ਨੇੜੇ ਹੀ ਹੈ।

ਓਲਡ ਏਜ਼ ਹੋਮ,ਪ੍ਰਭ ਆਸਰਾ ਵਰਗੇ ਬਿਮਾਰਾਂ, ਨਿਤਾਣਿਆਂ ਨੂੰ ਆਸਰਾ ਦੇਣ ਵਾਲੀਆਂ ਕਾਫ਼ੀ ਸੰਸਥਾਵਾਂ ਹੋਂਦ ਵਿੱਚ ਆ ਰਹੀਆਂ ਹਨ।ਸ਼ੋਸ਼ਲ ਮੀਡੀਆ ਤੇ ਬਿਮਾਰੀਆਂ ਨਾਲ ਘੁਲ ਰਹੇ ਬਜ਼ੁਰਗਾਂ ਦੀ ਦਾਸਤਾਨ ਵੇਖਣ ਸੁਣਨ ਨੂੰ ਮਿਲ ਰਹੀ ਹੈ।ਇਹਨਾਂ ਸਭਨਾਂ ਵਰਤਾਰਿਆਂ ਤੋਂ ਸੰਕਟ ਗੰਭੀਰ ਹੋਣ ਦਾ ਪਤਾ ਲਗਦਾ ਹੈ।ਇਹ ਗੱਲ ਤਾਂ ਆਮ ਗੱਲਬਾਤ ਵਿਚ ਆ ਰਹੀ ਹੈ ਕਿ ਬਜ਼ੁਰਗ ਇਕੱਲੇ ਹੋ ਗਏ ਨੇ,ਡਿਪਰੈਸ਼ਨ ਜਾਂ ਉਦਾਸੀ ਵਿਚ ਨੇ,ਪਰ ਸਮਾਜ ਦਾ ਭਰਵਾਂ ਮੁੱਦਾ ਹਾਲੇ ਇਹ ਨਹੀਂ ਬਣਿਆ।ਮੁੱਦਾ ਓਦੋਂ ਬਣੇਗਾ ਜਦੋਂ ਸੰਕਟ ਗਹਿਰਾ ਹੋਵੇਗਾ।ਪੁਲੀਟੀਕਲ ਮੁੱਦਾ ਵੀ ਦੇਰ ਸਵੇਰ ਬਣੇਗਾ,ਬਜ਼ਟ ਵਿਚ ਬਜ਼ੁਰਗਾਂ ਦੇ ਸੰਭਾਲ ਲਈ ਰਾਖਵਾਂ ਪੈਸਾ ਰੱਖਿਆ ਜਾਵੇਗਾ... ਪਰ ਫਿਰ ਵੀ ਸਮਾਜ ਕੁਰਾਹੇ ਪਏ ਸਰਕਲ 'ਚ ਪਿਆ ਹੋਇਐ, ਇਹ ਸਰਕਲ ਤਾਂ ਵਧਣਾ ਹੀ ਹੈ ਤੇ ਨਾਲ ਸੰਕਟ ਵੀ ਵਧਣੈ...ਇਹ ਲੰਮੇ ਦਾਅ ਦੀ ਸਮੱਸਿਆ ਤਾਂ ਹੈ ਹੀ,ਮਨੁੱਖੀ ਅਧਿਕਾਰਾਂ ਤੇ ਜਿਉਣ ਥੀਣ ਦਾ ਮਸਲਾ ਵੀ ਹੈ....ਚਣੌਤੀਆਂ ,ਜਾਗਰੂਕਤਾ, ਸਮਾਧਾਨ ਹੁੰਦੇ ਰਹਿਣਗੇ,ਪਰ ਹੁਣ ਬਜ਼ੁਰਗ ਫਿਲਹਾਲ ਕੁਲ੍ਹਾੜੀ 'ਚ ਨੇ।ਸਾਥੀਆਂ ਅੱਗੇ ਬੇਨਤੀ ਹੈ ਕਿ ਇਸ ਭੱਖ ਰਹੇ ਮੁੱਦੇ ਨੂੰ ਆਪਣੀ ਲੇਖਣੀ ਅੰਦਰ ਥਾਂ ਦੇਣ ਤਾਂ ਜੋ ਏਸ ਪ੍ਰਤੀ ਸੰਵੇਦਨਸ਼ੀਲਤਾ ਵਧੇ।

**ਅਮਰਜੀਤ ਅਰਪਨ**

# ਸ਼ਹਾਦਤ ਤੋਂ 'ਸ਼ਹੀਦਾਂ ਦੀ ਜੱਥੇਬੰਦੀ' ਦਾ ਸਫ਼ਰ

'ਸ਼ਹਾਦਤ' ਅਤੇ 'ਸਿੱਖੀ' ਦਾ ਰਿਸ਼ਤਾ 'ਸੱਸੀ ਪੁਨੂੰ', 'ਹੀਰ ਰਾਂਝਾ', 'ਸੋਹਣੀ ਮਹੀਵਾਲ' ਤੇ 'ਲੈਲਾ ਮਜਨੂੰ' ਦੀ ਆਸ਼ਕੀ ਅਤੇ ਪ੍ਰੇਮ ਤੋਂ ਵੱਧ ਪੀਢਾ, ਨਿੱਘਾ, ਮਿੱਠਾ ਅਤੇ ਪੱਕਾ ਹੈ। ਪਰ ਇਹ ਰਿਸ਼ਤਾ ਇਸ਼ਕੇ ਮਜਾਜ਼ੀ' ਜਾਂ ਦੁਨਿਆਵੀ ਪ੍ਰੇਮ ਦਾ ਕਿੱਸਾ ਨਹੀਂ। ਇਹ ਤਾਂ 'ਇਸ਼ਕੇ ਹਕੀਕੀ"ਜਾਂ ਪ੍ਰੀਤਮ ਪਿਆਰੇ ਦੇ ਸਦੀਵੀ ਪਿਆਰ ਦਾ ਇਲਾਹੀ ਸਬੰਧ ਹੈ। ਇਸ ਇਸ਼ਕ ਬਾਰੇ ਤਾਂ ਭਾਈ ਨੰਦ ਲਾਲ ਵੀ ਫ਼ੁਰਮਾਂਦੇ ਹਨ ਕਿ ਐ ਗੋਯਾ ! ਤੂੰ ਲੈਲਾ ਦਾ ਹਾਲ ਕਿਸੇ ਸਿਰ ਫਿਰੇ ਦਿਲ ਨੂੰ ਦੱਸੀਂ, ਕਿਉਂਕਿ ਮਜਨੂੰ ਦੀ ਵਿਥਿਆ ਮੇਰੇ ਜਿਹੇ ਦੀਵਾਨੇ ਨੂੰ ਹੀ ਰਾਸ ਆਉਂਦੀ ਹੈ। ਮਗੋ ਅਜ਼ ਹਾਲਿ ਲੈਲਾ ਰਾ ਦਿਲਿ ਸ਼ੋਰੀਦਾਇ ਗੋਯਾ ਕਿ ਸ਼ਰਾਹ ਕਿੱਸਾਇ ਮਜਨੂੰ ਮਰਾ ਦੀਵਾਨਾ ਮੀ ਸਾਜ਼ਦ ॥

ਇਹ ਰਿਸ਼ਤਾ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਬਾਣ ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਅਤੇ ਗੁਰੂ ਅਰਜਨ ਦੇਵ ਜੀ ਦੇ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ਦੇ ਸੁਨੇਹੜੇ ਤੋਂ ਆਰੰਭ ਹੁੰਦਾ ਹੈ। ਪ੍ਰੀਤਮ ਦੀ ਗਲੀ ਦੇ ਮਾਰਗ ਦੇ ਇਸ ਪੰਧ ਦਾ ਵਸਲ, ਮਿਲਾਪ ਜਾਂ ਮੰਜ਼ਲੇ ਮਕਸੂਦ ਕਲਗੀਧਰ ਪਿਤਾ ਦੇ ਹੱਥ ਫੜੀ ਲਿਸ਼ਕਦੀ 'ਸ੍ਰੀ ਸਾਹਿਬ' ਨੂੰ ਸੀਸ ਭੇਂਟ ਕਰ ਕੇ ਹੁੰਦਾ ਹੈ। ਭਾਈ ਨੰਦ ਲਾਲ ਦੀ ਨਸੀਹਤ ਸੁਣ, ਕਿ 'ਪ੍ਰੀਤ ਦਾ ਪੈਂਡਾ ਬੜਾ ਲੰਮਾ ਹੈ, ਪੈਰਾਂ ਨਾਲ ਨਹੀਂ ਤੁਰਿਆ ਜਾਣਾ। (ਬਾਬਾ ਦੀਪ ਸਿੰਘ ਜੀ ਵਾਂਗ) ਆਪਣੇ ਸਿਰ ਨੂੰ ਪੈਰ ਬਣਾ ਲੈ ਤਾਂ ਜੋ ਉਸ ਪਿਆਰੇ ਦੇ ਰਾਹ 'ਤੇ ਤੁਰ ਸਕੇਂ। ਮੰਜ਼ਿਲ ਇਸ਼ਕ ਦਰਾਜ਼ ਅਸਤ ਬ-ਪਾ ਨਤਵਾਂ ਰਫ਼ਤ, ਸਰ ਕਦਮ ਸਾਜ਼ ਤਾ ਦਰ ਰਹਿ ਆਂ ਯਾਰ ਸ਼ਵੀ। (ਭਾਈ ਨੰਦ ਲਾਲ)

ਇਸ ਦੇ ਬਾਅਦ ਇਸ ਮਾਰਗ 'ਤੇ ਤੁਰਨ ਵਾਲੇ ਇਹਨਾਂ ਆਸ਼ਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ 'ਪਿਆਰਿਆਂ' ਦਾ ਦਰਜਾ ਤਾਂ ਹੀ ਹਾਸਿਲ ਹੁੰਦਾ ਹੈ। ਹੁਣ ਗੁਰ ਪ੍ਰਮੇਸਰ ਖ਼ੁਦ ਇਹਨਾਂ ਦਾ ਮਹਿਬੂਬ ਅਤੇ ਮਾਸ਼ੂਕ ਬਣ ਜਾਂਦਾ ਹੈ। ਇਸ ਲਈ ਗੁਰੂ ਨਾਨਕ ਪਾਤਸ਼ਾਹ ਨੇ ਵੀ ਸ਼ਹੀਦੀ ਮਾਰਗ 'ਤੇ ਤੁਰਨ ਵਾਲੇ ਨੂੰ

ਪੀਰਾਂ ਤੇ ਪੈਗੰਬਰਾਂ ਦੇ ਤੁਲ ਪ੍ਰਵਾਨ ਕੀਤਾ ਹੈ। ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ ॥ ਸ਼ਹੀਦ ਤਾਂ ਮੁਕਤਾ ਹੈ। ਕਾਤਲ ਵਿਚਾਰਾ ਤਾਂ ਇਸ ਮਿਲਾਪ ਦੀ ਖੇਡ ਵਿੱਚ ਇਕ ਵਿਚੋਲੇ ਦੇ ਰੂਪ ਵਿੱਚ ਸਹਾਈ ਹੁੰਦਾ ਹੈ। ਭਾਈ ਮਨੀ ਸਿੰਘ ਜੀ ਤਾਹੀਓਂ ਤਾਂ ਜੱਲਾਦ ਨੂੰ ਕਹਿੰਦੇ ਹਨ, ਸੁਣ ਕਾਤਲ ਅਸੀਂ ਰਲ ਮਿਲ ਦੋਵੇਂ, ਅਜਬ ਤਮਾਸ਼ਾ ਲਾਵਾਂਗੇ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਦੋਂ ਧੁਰ ਕੀ ਬਾਣੀ ਦੇ ਬਚਨ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ਉਚਾਰੇ ਤਾਂ ਸਾਈਂ ਮੀਆਂ ਮੀਰ ਨੇ ਕਿਹਾ ਸੀ ਕਿ ਹਜ਼ੂਰ ਇਹ ਤਖ਼ੱਈਅਲ, ਕਾਵਿ ਉਡਾਰੀ ਬੜੀ ਉੱਚੀ ਹੈ। ਬਾਅਦ ਵਿੱਚ ਤੱਤੀ ਤਵੀ ਅਤੇ ਸੀਸ 'ਤੇ ਰੇਤਾ ਪਵਾ ਰਹੇ ਗੁਰੁ ਅਰਜੁਨੁ ਪਰਤਖ ਹਰਿ ਨੇ ਮੀਆਂ ਮੀਰ ਨੂੰ ਪੁੱਛਿਆ ਸੀ, ਸਾਈਂ ਜੀ! ਉਹ ਉਡਾਰੀ ਕੈਸੀ ਸੀ ?

ਗੁਰੂ ਅਰਜਨ ਸਾਹਿਬ ਦੀ ਨਬੂਦਤ ਅਤੇ ਰੱਬੀ ਰੂਹ 'ਤੇ ਕੀ ਭਾਵਨਾ ਨਾਜ਼ਲ ਹੋਈਆਂ ਹੋਣਗੀਆਂ ਜਦੋਂ ਧੁਰ ਕੀ ਬਾਣੀ ਦਾ ਭਵਿੱਖ ਵਾਕ ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਹਜ਼ੂਰ ਦੇ ਮੁਖਾਰਬਿੰਦ ਤੋਂ ਉਚਰਿਆ ਹੋਵੇਗਾ। ' ਪਰ ਇਸ ਦੇ ਨਾਲ ਹੀ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ਨੇ ਰਹਿਮਤ ਤੇ ਸ਼ੁਕਰਾਨੇ ਦਾ ਹੜ੍ਹ ਲਿਆ ਦਿੱਤਾ ਹੋਏਗਾ।

ਸ਼ਹੀਦੀ ਜਾਂ ਸ਼ਹਾਦਤ ਦਾ ਅਖਰੀ ਅਰਥ ਹੈ ਸੱਚ ਹੱਕ ਇਨਸਾਫ਼ ਲਈ ਗਵਾਹੀ ਦੇਣਾ। ਇਸਲਾਮੀ ਸ਼ਰਾਅ ਮੁਤਾਬਿਕ ਸ਼ਹੀਦ ਤਾਂ ਪਵਿੱਤਰ ਹੁੰਦਾ ਹੈ ਸੋ ਉਸ ਨੂੰ ਦਫ਼ਨਾਉਣ, ਸੁਪਰਦੇ ਖ਼ਾਕ ਕਰਨ ਤੋਂ ਪਹਿਲਾਂ ਨਹਾਉਣ ਦੀ ਜ਼ਰੂਰਤ ਨਹੀਂ ਮੰਨੀ ਜਾਂਦੀ। ਸ਼ਹਾਦਤ ਦਾ ਸੰਕਲਪ ਸਾਮੀ ਧਰਮਾਂ ਵਿੱਚ ਤਾਂ ਸੀ ਪਰ ਭਾਰਤਵਰਸ਼ ਵਿੱਚ ਸੱਚ ਤੇ ਧਰਮ ਦੀ ਖ਼ਾਤਿਰ ਸ਼ਹੀਦ ਹੋਣ ਦੀ ਸ਼ਮ ?ਹਾਂ ਗੁਰੂ ਅਰਜਨ ਦੇਵ ਜੀ ਨੇ ਰੌਸ਼ਨ ਕੀਤੀ।

ਇਸਲਾਮ ਦੀ ਪਵਿੱਤਰ ਪੁਸਤਕ 'ਕੁਰਆਨ ਮਜੀਦ' ਦੀ ਸੂਰਾ ਅਲ ਜ਼ੁਮਰ 39 ਵਿੱਚ ਖ਼ੁਦਾ ਵੱਲੋਂ ਮੋਮਨਾਂ ਨਾਲ ਵਾਇਦਾ ਕੀਤੀ ਗਈ ਇਮਾਰਤ ਦਾ ਨਕਸ਼ਾ ਦਿੱਤਾ ਗਿਆ ਹੈ।

ਲਾਕਿਨਿਲ-ਲਜ਼ੀਨਤੱ ਕੌ ਰੱਬ ਹੁਮ ਲਹੁਮ ਗੁਰ ਰਫ਼ਮ-ਮਿਨ ਫੌਕਿਹਾ- ਗੁ-ਰੱਫ਼ਮ-ਮਬਿਨਯੰਤੁਨ ਤੱਜਰੀ ਮਿਨ ਤਹਿਤ ਹਲ-ਅਨਹਾਰੁ ਵਅ-ਦੱਲਾਹਿ ਲਾ ਯੁਖਿਲਫ਼ਲਾਹੁਲ-ਮੀਆਦ

ਇਹ ਬਹੁਮੰਜ਼ਿਲਾਂ ਵਾਲੀ ਇਮਾਰਤ ਹੋਏਗੀ ਜਿਸ ਵਿੱਚ ਬਹੁਤ ਸਾਰੀਆਂ ਅਟਾਰੀਆਂ ਜਾਂ ਖਿੜਕੀਆਂ ਹੋਣਗੀਆਂ ਅਤੇ ਇਸ ਦੇ ਹੇਠ ਨਹਿਰ ਵਗਦੀ ਹੋਏਗੀ। ਗੁਰੂ ਅਰਜਨ ਪਾਤਸ਼ਾਹ ਨੇ ਅਰਸ਼ ਦੀ ਇਮਾਰਤ ਦਾ ਨਕਸ਼ਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿੱਚ ਪ੍ਰਤੱਖ ਫ਼ਰਸ਼ 'ਤੇ ਲੈ ਆਂਦਾ। ਕਾਸ਼ ! ਜਹਾਂਗੀਰ ਨੇ ਖ਼ੁਦਾ ਦੀ ਇਹ ਗੱਲ ਸੁਣੀ ਹੁੰਦੀ।

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੇ ਸ਼ਹਾਦਤਾਂ ਦਾ ਮੁੱਢ ਬੰਨ੍ਹ ?ਆ। ਇਕ



ਨੇ ਪੰਚਮ ਪਿਤਾ ਪਿਆਰੇ, ਇਕ ਉਹਨਾਂ ਦੇ ਪੋਤੇ ਜੋ ਉਸ ਪੋਤੇ ਨੇ ਪੋਤੇ ਲੈ ਲਏ, ਦੋ ਏਧਰ ਤੇ ਉਧਰ ਦੋ] ਅਨਗਿਣਤ ਪ੍ਰਵਾਨਿਆਂ ਨੇ ਗੁਰੂ ਜੋਤਿ ਤੋਂ ਆਪਾ ਵਾਰਿਆ ਪਰ ਇਹ ਪ੍ਰਵਾਨੇ ਬਾਅਦ ਵਿੱਚ ਸੜੇ ਹਨ, ਗੁਰੂ ਜੋਤਿ ਨੇ ਪਹਿਲੋਂ ਜਹਾਂਗੀਰ ਦੀ ਦੇਗ, ਤੱਤੀ ਤਵੀ ਅਤੇ ਔਰੰਗਜ਼ੇਬ ਦੀ ਤਲਵਾਰ ਥੱਲੇ ਆਪਣਾ ਸਿਰ ਦਿੱਤਾ ਹੈ।

ਸ਼ਮਾ ਭੀ ਕਮ ਨਹੀਂ ਕੁਝ ਇਸ਼ਕ ਮੇਂ ਪਰਵਾਨੇ ਸੇ।

ਜਾਨ ਦੇਤਾ ਹੈ ਅਗਰ ਵੋ, ਤੋ ਯੇ ਸਰ ਦੇਤੀ ਹੈ।

ਗੁਰਮਤਿ ਅਤੇ ਭਗਤੀ ਮਤ ਵਿੱਚ ਇਕ ਮੁੱਢਲਾ ਅੰਤਰ ਹੈ। ਭਗਤੀ ਮਤ ਵਿੱਚ ਪ੍ਰਹਿਲਾਦ ਦੀ ਰਾਖੀ ਲਈ ਤਪਦੇ ਹੋਏ ਲੋਹੇ ਦੇ ਥੰਮ 'ਤੇ ਕੀੜੀ ਦੇ ਤੁਰਨ ਦਾ ਕੌਤਕ ਹੋ ਜਾਂਦਾ ਹੈ। ਨਾਮਦੇਵ ਦੇ ਬਚਾਅ ਲਈ ਮੋਈ ਗਾਂ ਜੀ ਪੈਂਦੀ ਹੈ। ਕਬੀਰ ਡੁੱਬਣ ਤੋਂ ਬਚ ਜਾਂਦਾ ਹੈ ਪਰ ਗੁਰੂ ਅਰਜਨ ਦੇਵ ਜੀ ਦੇ ਸੀਸ 'ਤੇ ਪੈ ਰਿਹਾ ਰੇਤਾ ਠੰਡਾ ਨਹੀਂ ਹੁੰਦਾ। ਗੁਰੂ ਤੇਗ ਬਹਾਦਰ ਜੀ ਦੇ ਸੀਸ 'ਤੇ ਡਿਗ ਰਹੀ ਤਲਵਾਰ ਰੁਕਦੀ ਨਹੀਂ। ਪਰ ਇਸ ਦੇ ਬਾਅਦ ਕੀ ਹੁੰਦਾ ਹੈ। ਜ਼ਾਲਮ ਬਾਦਸ਼ਾਹਾਂ ਦੇ ਖੰਡਰਾਤ ਪੁਕਾਰ ਪੁਕਾਰ ਕੇ ਕਹਿ ਰਹੇ ਹਨ :

ਕੋਊ ਹਰਿ ਸਮਾਨਿ ਨਹੀ ਰਾਜਾ ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ ॥

(ਅੰਗ ???)

ਬਾਬੇ ਕੇ ਬਾਬਰ ਕੇ ਦੋਊ ॥ ਆਪ ਕਰੇ ਪਰਮੇਸਰ ਸੋਊ ॥ ਦੇ ਗੁਰਵਾਕ ਮੁਤਾਬਿਕ ਐਮਨਾਬਾਦ ਵਿੱਚ ਬਾਬਰ ਨਾਲ ਬਾਬਾ ਨਾਨਕ ਦਾ ਹੋਇਆ ਟਕਰਾਅ ਬਾਬਰ ਕਿਆਂ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ 'ਤੇ ਆ ਕੇ ਨਿਬੜਿਆ। ਗੁਰੂ ਅਰਜਨ ਪਾਤਸ਼ਾਹ ਵੱਲੋਂ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ ਇਸ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕਰਕੇ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ 'ਦੁਕਾਨੇ ਬਾਤਲ (ਝੂਠ ਦੀ ਦੁਕਾਨ)

ਅਤੇ ਹਜ਼ੂਰ ਨੂੰ ਬਾਗੀ ਕਰਾਰ ਦੇ ਦਿੱਤਾ :

ਰਾਜਿ ਰੰਗੁ ਮਾਲਿ ਰੰਗੁ ॥ ਰੰਗਿ ਰਤਾ ਨਚੈ ਨੰਗੁ ॥

(ਅੰਗ ???) ਇਸ ਤੋਂ ਬਾਅਦ ਤਾਂ ਇਹ ਹਰਿਮੰਦਰ ਸਾਹਿਬ ਹਰ ਹਕੂਮਤ ਦੀਆਂ ਅੱਖ ਦੀ ਕਿਰਕਿਰੀ ਬਣਿਆ। ਮੁਗਲਾਂ, ਦੁੱਰਾਨੀਆਂ, ਅਫ਼ਗਾਨੀਆਂ, ਰੰਘੜਾਂ, ਫ਼ ?ਰੰਗੀਆਂ ਅਤੇ ਉਸ ਤੋਂ ਬਾਅਦ ਅਜ਼ਾਦ ਭਾਰਤ ਦੀ ਸਰਕਾਰ ਦੇ ਅਜ਼ਾਬ ਤੋਂ ਨਾ ਬਚ ਸਕਿਆ। ਰੰਗ ਬਦਲ ਗਏ, ਕਾਨੂੰਨ ਲਾਗੂ ਕੀਤਾ ਗਿਆ।

ਮਤ ਕੋਈ ਖ਼ ?ਆਲ ਕਰੇ ਕਿ ਇਹ ਸਾਰਾ ਕੁਛ ਨਿਰਾ ਮਿਥਿਹਾਸਕ ਵਖਿਆਨ ਹੀ ਹੈ। 1947 ਵਿੱਚ ਦੇਸ਼ ਦੀ ਵੰਡ ਸਮੇਂ ਵੀ ਧਰਮ ਬਚਾਉਣ ਦੀ ਖ਼ਾਤਰ ਅਨੇਕ ਸ਼ਹੀਦ ਹੋਏ। ਅਣਗਿਣਤ ਸਿੱਖ ਬੀਬੀਆਂ ਨੇ ਧਰਮ ਬਚਾਉਣ ਦੀ ਖ਼ਾਤਰ ਖੂਹਾਂ 'ਚ ਛਾਲਾਂ ਮਾਰ-ਮਾਰ ਕੇ ਖੂਹ ਭਰ ਦਿੱਤੇ ਤੇ ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੀ। 1978 ਅਤੇ 1984 ਨੇ ਸ਼ਹਾਦਤਾਂ ਦੇ ਬੂਟੇ ਨੂੰ ਫਿਰ ਨਵੀਂ ਜ਼ਿੰਦਗੀ ਬਖ਼ਸ਼ੀ।

ਸਾਰਾ ਸਿੱਖ ਜਗਤ ਅੱਜ ਵੀ ਨਿਤਾਪ੍ਰਤਿ ਧਰਮ ਦੀ ਖ਼ਾਤਰ, ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੁਣ ਦੀ ਖ਼ਾਤਰ ਕੁਰਬਾਨ ਹੋਏ ਸ਼ਹੀਦਾਂ ਨੂੰ ਸਿਜਦਾ ਕਰਦਾ ਹੈ। ਅਰਦਾਸ ਦੇ ਇਹ ਬੋਲ ਸੰਖੇਪ ਵਿੱਚ ਇਤਿਹਾਸ ਹੀ ਤਾਂ ਹੈ। "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਹਨਾਂ ਦੀ ਕਮਾਈ ਦਾ ਧਿਆਨ ਧਰ ਕੇ ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ !

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਤਿੰਨ ਮੁੱਖ ਕਾਰਣ ਸਨ— (1) ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ, (2) ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਅਤੇ (3) ਸਾਬਤ ਸੂਰਤਿ ਦਸਤਾਰ ਸਿਰਾ ॥ ਇਹਨਾਂ ਦੀ ਅਜ਼ਮਤ ਖ਼ਾਤਰ ਗੁਰੂ ਸਾਹਿਬ ਨੇ ਸ਼ਹਾਦਤ ਦਾ ਜਾਮ ਪੀਤਾ। ਅੱਜ ਇਹ ਮੁੱਦੇ ਬਦਸਤੂਰ ਬਰਕਰਾਰ ਹਨ ਅਤੇ ਗੁਰੂ ਪੰਥ ਨੂੰ ਖ਼ਤਰਾ ਕਿਤੇ ਜ਼ਿਆਦਾ ਗੰਭੀਰ ਤੇ ਭਿਆਨਕ ਹੈ। ਭਾਵੇਂ ਗੱਲ ਹੋਵੇ ਕਸੂਰ ਦੇ ਬ੍ਰਾਹਮਣ ਦੀ ਲੜਕੀ ਛੁਡਾਉਣ ਦੀ, ਭਾਵੇਂ ਹਿੰਦੁਸਤਾਨ 'ਤੇ ਹੁੰਦੇ ਹਮਲਾਵਰਾਂ ਦੇ ਰਾਹ ਡੱਕਣ ਦੀ, ਭਾਵੇਂ ਲਾਲ ਕੁੜਤੀ ਪਠਾਣਾਂ ਨੂੰ ਇਮਦਾਦ ਦੇਣ ਦੀ। ਇਹ ਸਾਰੇ ਰਾਜਨੀਤਿਕ ਅਤੇ ਪੰਥਕ ਮੁੱਦੇ ਸ੍ਰੀ

ਹਰਿਮੰਦਰ ਸਾਹਿਬ 'ਚੋਂ ਤੈਅ ਹੁੰਦੇ ਸਨ। ਹੁਣ ਨਹੀਂ ਹੋਣਗੇ। ਇਸ ਤੋਂ ਪਹਿਲਾਂ ਭਾਵੇਂ ਨਾਮਧਰੀਕ ਹੀ ਸਹੀ, ਕੋਈ ਤਾਂ ਪੰਥ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਪੰਥਕ ਪੋਲੀਟੀਕਲ ਜਥੇਬੰਦੀ ਹੁੰਦੀ ਸੀ। ਹੁਣ ਤਾਂ ਨੀਤੀ ਸ਼ਾਸਤ੍ਰ ਦੀ ਸਰਕਾਰੀ ਕਲਮ ਦੀ ਮਾਰ ਨੇ ਕਾਨੂੰਨ, ਧਰਮ ਅਤੇ ਪੰਥਕ ਪੋਲੀਟੀਕਲ ਜੱਥੇਬੰਦੀ ਦੀ ਕਾਇਮੀ 'ਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ। ਸ਼ਹੀਦਾਂ ਦੀ ਜੱਥੇਬੰਦੀ 'ਸ਼੍ਰੋਮਣੀ ਅਕਾਲੀ ਦਲ' ਹੁਣ ਪੰਥ ਦੀ ਨੁਮਾਇੰਦਾ ਜਮਾਤ ਨਾ ਹੋ ਕੇ ਕਾਂਗਰਸ, ਕਮਿਊਨਿਸਟ, ਬੀ.ਜੇ.ਪੀ. ਦੀ ਤਰ੍ਹਾਂ ਇਕ ਧਰਮ ਨਿਰਪੇਖ ਦਲ ਹੈ। ਅੱਜ ਗੁਰੂ ਪੰਥ ਤੇ ਇਸ ਦੇ ਏਜੰਡੇ ਦੀ ਗੱਲ ਕਰਨ ਵਾਲਾ, ਇਸ ਦੀ ਨੁਮਾਇੰਦਗੀ ਕਰਨ ਵਾਲਾ ਕੋਈ ਰਾਜਨੀਤਿਕ ਦਲ ਨਹੀਂ ਹੈ।'ਧਰਮ ਤੇ ਰਾਜਨੀਤੀ ਇਕ ਹੈ ? ਦੇ ਨਾਅਰੇ ਹੇਠ ਹੁਣ ਰਾਜਨੀਤੀ ਨੇ ਧਰਮ ਨੂੰ ਪੂਰੀ ਤਰ੍ਹਾਂ ਜਕੜ ਲਿਆ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ! ਆਪ ਨੇ ਅਰਦਾਸ ਕਰਦਿਆਂ ਕਿਹਾ ਸੀ ਕਿ ਹੇ ਪ੍ਰਭੂ ! ਹੁਣ ਮੇਰੀ ਨਹੀਂ ਤੇਰੀ ਪੈਜ ਦਾ ਸਵਾਲ ਹੈ।

ਕਰਮੁ ਨ ਜਾਨਾ ਧਰਮੁ ਨ ਜਾਨਾ ਲੋਭੀ ਮਾਇਆਧਾਰੀ ॥ ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥

(ਅੰਗ ???)

ਹੇ ਪੰਥ ਦੇ ਵਾਲੀ ! ਅੱਜ ਸਾਡੀ ਵੀ ਤੈਨੂੰ ਇਹੀ ਅਰਦਾਸ ਹੈ ਕਿ ਸਾਡੀ ਨਹੀਂ, ਤੇਰੇ ਬਿਰਦ ਬਾਣੇ, ਤੇਰੀ ਅਜ਼ਮਤ, ਇੱਜ਼ਤ, ਸਿਦਕ ਅਤੇ ਭਰੋਸੇ ਦਾ ਸਵਾਲ ਹੈ। ਹੁਣ ਤੂੰ ਆਪਣੀ ਪੈਜ ਬਚਾ

# ਰਵਾਇਤੀ ਲੋਕ ਗਾਇਕੀ ਦਾ ਯੁੱਗ ਗਾਇਕ :- ਲਾਲ ਚੰਦ ਯਮਲਾ ਜੱਟ

ਪੰਜਾਬੀ ਗਾਇਕੀ ਦੇ ਬਾਬਾ ਬੋਹੜ ਕਹੇ ਜਾਣ ਵਾਲੇ ਲਾਲ ਚੰਦ ਯਮਲਾ ਜੱਟ ਨੂੰ ਦਰਵੇਸ਼ ਗਾਇਕ ਵਜੋਂ ਵੀ ਮਾਨਤਾ ਦਿੱਤੀ ਗਈ ਹੈ। ਕਿਉਂਕਿ ਨੇ ਸੰਗੀਤ ਦੇ ਵਿੱਚ ਉੱਚੀ ਮੁਹਾਰਤ ਹਾਸਿਲ ਕਰਨ ਦੇ ਬਾਵਜੂਦ ਵੀ ਸਾਦਗੀ ਦੇ ਨਾਲ ਆਪਣਾ ਜੀਵਨ ਬਸਰ ਕੀਤਾ। ਉੱਚੀ ਸੁੱਚੀ ਸੱਭਿਆਚਾਰਕ ਗਾਇਕੀ ਪੇਸ਼ ਕਰਨ ਵਾਲੇ ਇਸ ਫ਼ਕੀਰ ਗਾਇਕ ਦੇ "ਸਤਿਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ÷ ਵਾਲੇ ਰਿਕਾਰਡ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਰੁਮਾਲਿਆਂ ਦੀ ਛੋਹ ਪ੍ਰਾਪਤ ਹੈ।ਕਹਿਣ ਤੋਂ ਭਾਵ ਹੈ ਕਿ ਗੁਰੂ ਘਰਾਂ ਵਿੱਚ ਇਸ ਰਿਕਾਰਡ ਨੂੰ ਸੁੰਦਰ ਰੁਮਾਲਿਆਂ ਚ ਲਪੇਟ ਕੇ ਉੱਚਤਾ ਤੇ ਸੁੱਚਤਾ ਦੇ ਦਰਜੇ ਨਾਲ ਨਿਵਾਜਿਆ ਗਿਆ ਜੋਂ ਪੰਜਾਬੀ ਸੰਗੀਤ ਲਈ ਬੜੇ ਮਾਣ ਵਾਲੀ ਗੱਲ ਹੈ। ਤੂੰਬੀ ਦੀ ਟਣਕਾਰ ਤੇ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦੀ ਗੱਲ ਕਰਨ ਵਾਲੇ ਇਸ ਮੌਲਾ ਮਸਤ ਫ਼ਨਕਾਰ ਦਾ ਜਨਮ ਲਾਇਲਪੁਰ ਜ਼ਿਲ੍ਹੇ ਦੇ ਚੱਕ ਨੰਬਰ 384 ਟੋਬਾ ਟੇਕ ਸਿੰਘ, ਵਿਖੇ ਰਹਿਣ ਵਾਲੇ ਪਿਤਾ ਸ੍ਰੀ ਖੇੜਾ ਰਾਮ ਅਤੇ ਸ਼੍ਰੀਮਤੀ ਮਾਤਾ ਹਰਨਾਮ ਕੌਰ ਦੇ ਘਰ 28 ਮਾਰਚ 1910 ਨੂੰ ਹੋਇਆ। ਲਾਲ ਚੰਦ ਯਮਲੇ ਜੱਟ ਦੇ ਜਨਮ ਨਾਲ ਇੱਕ ਕਹਾਣੀ ਜੁੜੀ ਹੋਈ ਹੈ ਕਿ ਜਦੋਂ ਇਸ ਮਾਤਾ ਵਿਆਹ ਪਿੱਛੋਂ ਪਿੰਡ ਦੀਆਂ ਔਰਤਾਂ ਨਾਲ ਖੂਹੀ ਤੋਂ ਪਾਣੀ ਦਾ ਭਰਨ ਗਈ ਉੱਥੇ ਪੀਰ ਕਟੋਰੇ ਸ਼ਾਹ ਫ਼ਕੀਰ ਦੀ ਸਮਾਧ ਤੇ ਔਰਤਾਂ ਦੇ ਕਹਿਣ ਤੇ ਸੁੱਖਣਾ ਸੁੱਖੀ। ਪੁੱਤਰ ਦੇ ਜਨਮ ਤੋਂ ਬਾਅਦ ਉਸ ਦੀ ਮਾਤਾ ਹਰਨਾਮ ਕੌਰ ਨੇ ਪੀਰ ਦੀ ਸਮਾਧ ਤੇ ਚਾਦਰ ਚਾੜ੍ਹੀ। ਇਸ ਪੀਰ ਦੀ ਦਰਗਾਹ ਤੇ ਹਰ ਸਾਲ ਭਾਰੀ ਮੇਲਾ ਭਰਦਾ ਦੂਰੋਂ-ਦੁਰੇਡਿਉਂ ਰਾਗੀ, ਢਾਡੀ, ਗੁਮੰਤਰੀ ਗਾਉਣ ਆਉਂਦੇ ਬੜੀ ਰੌਣਕ ਲਗਦੀ। ਉਹ ਮੇਲੇ ਵਿੱਚ ਤੁਰਿਆ ਫਿਰਦਾ ਤੇ ਗੁਮੰਤਰੀਆਂ ਨੂੰ ਸੁਣਦਾ । ਲਾਲ ਚੰਦ ਹਾਲੇ ਛੋਟੀ ਉਮਰ ਚ ਸੀ ਕਿ ਉਸਨੂੰ ਗਾਉਣ ਦੀਆਂ ਲੂਹਰੀਆਂ ਉੱਠਦੀਆਂ। ਜਦ ਉਹ ਨੌਂ ਸਾਲ ਦਾ ਹੋਇਆ ਤਾਂ ਉਸਨੇ ਪਹਿਲੀ ਵਾਰ ਉਸ ਮੇਲੇ ਵਿੱਚ ਗਾਇਆ। ਅਜੇ ਉਹ ਛੋਟਾ ਹੀ ਸੀ ਕਿ ਸਾਲ 1919 ਵਿੱਚ ਉਸ ਦੇ ਪਿਤਾ ਚੱਲ ਵਸੇ ਤੇ ਉਹ ਆਪਣੀ ਮਾਤਾ ਤੇ ਭਰਾਵਾਂ ਆਪਣੇ ਨਾਨਕੇ ਘਰ ਚੱਕ ਚੂਹੜ ਸਿੰਘ 224 ਵਿਖੇ ਆ ਗਿਆ। ਇੱਕ ਦਿਨ ਜਦੋਂ ਉਹ ਇੱਥੋਂ ਗਲੀ ਵਿੱਚੋਂ ਲੰਘ ਰਿਹਾ ਸੀ ਤਾਂ ਉਸ ਦੇ ਕੰਨਾਂ ਵਿੱਚ ਪੇਸ਼ਾਵਰ ਗਾਇਕਾ ਖ਼ੁਰਸ਼ੀਦ ਬੇਗ਼ਮ ਦੇ ਗਾਣਾ ਦੇ ਬੋਲ "ਅੱਖੀਆਂ ਕਰਮਾਂ ਸੜੀਆਂ,ਜਿਹੜੀਆਂ ਨਾਲ ਸੱਜਣ ਦੇ ਲੜੀਆਂ " ਸੁਣਿਆ ਜਿਸ ਨਾਲ ਉਸ ਦਾ ਮਨ ਟੁੰਬਿਆ ਗਿਆ।ਉਹ ਬਾਰ-ਬਾਰ ਉਸ ਗਲੀ ਚੋਂ ਲੰਘਦਾ ਤਾਂ ਕਿ ਮੁੜ ਉਸਦੇ ਕੰਨਾਂ ਵਿੱਚ ਉਸਦੀ ਦੀ ਆਵਾਜ਼ ਪੈ ਜਾਵੇ।ਇੱਕ ਦਿਨ ਉਹ ਲੰਘਦਾ ਹੋਇਆ ਗੀਤ ਦੇ ਬੋਲ ਗੁਣਗੁਣਾਉਂਦਾ ਹੋਇਆ ਜਾ ਰਿਹਾ ਸੀ ਤਾਂ ਬੇਗ਼ਮ ਨੇ ਸੁਣ ਕੇ ਕਿਹਾ ਕਿ ਸੁਣ ਵੇ ਛੋਕਿਰਆ ਜੇ ਮੇਰੀ ਗਲੀ ਆਣਾ ਈਂ ਤਾਂ ਏਡਾ ਬੇਸੁਰਾ ਗੀਤ ਨਾ ਗਾ।ਖ਼ੁਰਸ਼ੀਦ ਬੇਗਮ ਦੇ ਕਹੇ ਬੋਲ ਲਾਲ ਚੰਦ ਦੇ ਮਨ ਅੰਦਰ ਘਰ ਕਰ ਗਏ।ਉਹ ਆਪਣੇ ਨਾਨਾ ਗੁੜ੍ਹਾ ਰਾਮ ਪਾਸ ਬੈਠ ਕੇ ਕਈ ਕਈ ਘੰਟੇ ਲਗਾਤਾਰ ਰਿਆਜ਼ ਕਰਨ ਲੱਗਾ ਤੇ ਉਸਨੇ ਲਾਇਲਪੁਰ ਰਹਿੰਦੇ ਪੰਡਿਤ ਸਾਹਿਬ ਦਿਆਲ ਜੀ ਨੂੰ ਉਸਤਾਦ ਧਾਰਨ ਕੇ ਸੰਗੀਤ ਦੀਆਂ ਬਰੀਕੀਆਂ ਸਿੱਖਣ ਲੱਗਾ। ਸਾਰੰਗੀ ਵਜਾਉਣੀ ਉਹ ਆਪਣੇ ਨਾਨੇ ਪਾਸੋਂ ਸਿੱਖ ਗਿਆ।ਨਾਨਕੀ ਰਹਿੰਦਿਆਂ ਹੀ ਯਮਲੇ ਜੱਟ ਨੇ ਪ੍ਰਸਿੱਧ ਸ਼ਾਇਰ ਸੁੰਦਰ ਦਾਸ ਆਸੀ ਨੂੰ ਆਪਣਾ ਕਾਵਿ ਗੁਰੂ ਧਾਰ ? ਲਿਆ। ਸੁੰਦਰ ਦਾਸ ਆਸੀ ਕੋਲ ਹੋਰ ਵੀ ਬਹੁਤ ਸਾਰੇ ਸ਼ਾਗਿਰਦ ਸਿੱਖਦੇ ਸਨ ਅਤੇ ਪੜ੍ਹੇ-ਲਿਖੇ ਹੋਣ ਕਰਕੇ ਆਪਣਾ ਆਪਣਾ ਸਬਕ ਲਿਖ ਲੈਂਦੇ ਪਰ ਲਾਲ ਚੰਦ ਅਨਪੜ੍ਹ ਹੋਣ ਕਾਰਨ ਏਧਰ-ਓਧਰ ਤੱਕਦਾ ਰਹਿੰਦਾ। ਗੋਭਲਾ ਜਿਹਾ ਚਿਹਰਾ ਵੇਖ ਕੇ ਆਸੀ ਜੀ ਟਕੋਰ ਕਰਦੇ, "ਉਏ ਤੂੰ ਤਾਂ ਬਿਲਕੁਲ ਯਮਲਾ ਜੱਟ ਏਂ।" ਇਸ ਤਰ੍ਹਾਂ ਇੱਥੋਂ ਹੀ ਉਸ ਦੇ ਨਾਂ ਨਾਲ 'ਯਮਲਾ ਜੱਟ' ਪੱਕਾ ਲੱਗ ਗਿਆ।

1938 ਵਿੱਚ ਲਾਲ ਚੰਦ ਨੇ ਪੱਕੇ ਰਾਗਾਂ ਦੀ ਬਤੌਰ ਸਿੱਖਿਆ ਲੈਣ ਲਈ ਲਾਇਲਪੁਰ ਦੇ ਚੱਕ ਨੰ: 224 ਫੱਤੇ ਦੀਨ ਵਾਲੇ ਪਿੰਡ ਦੇ ਚੌਧਰੀ ਮਜੀਦ ਨੂੰ ਗੁਰੂ ਧਾਰ ਲਿਆ। ਦੇਸ਼ ਦੀ ਵੰਡ ਤੋਂ ਬਾਅਦ ਉਹ ਲੁਧਿਆਣੇ ਜਵਾਹਰ ਨਗਰ ਆ ਵਸਿਆ। ਇੱਥੇ ਉਸ ਨੇ ਕਵੀ ਨਰਾਇਣ ਸਿੰਘ ਦਰਦੀ ਦੇ ਘਰ ਮਾਲੀ ਦੀ ਨੌਕਰੀ ਵੀ



ਕੀਤੀ ਤੇ ਬਾਜ਼ਾਰ ਵਿਚ ਫੁੱਲਾਂ ਦੇ ਹਾਰ ਵੀ ਵੇਚਣੇ ਪਏ। ਉਸਦਾ ਵਿਆਹ ਬੀਬੀ ਰਾਮ ਰੱਖੀ ਨਾਲ ਹੋਇਆ ਤੇ ਉਸ ਦੇ ਘਰ ਪੰਜ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਟਿਕੀ ਰਾਤ ਨੂੰ ਸਾਰੰਗੀ ਵਜਾ ਕੇ ਆਪਣੇ ਵਜੂਦ ਵਿੱਚ ਆ ਕੇ ਗਾਉਣ ਲੱਗ ਜਾਂਦਾ।ਇੱਕ ਦਿਨ ਦਰਦੀ ਸਾਹਿਬ ਦੇ ਬੇਟੇ ਨੇ ਉਸ ਨੂੰ ਗਾਉਂਦਿਆਂ ਸੁਣ ਲਿਆ ਤਾਂ ਉਸ ਨੇ ਦਰਦੀ ਸਾਹਿਬ ਨਾਲ ਗੱਲ ਕੀਤੀ ਕਿ ਵੇਖੋ ਪਾਪਾ ਆਪਣਾ ਮਾਲੀ ਕਿੰਨਾ ਸੋਹਣਾ ਗਾਉਂਦਾ ਹੈ। ਦਰਦੀ ਨੇ ਸੁਣਿਆ ਅਗਲੇ ਹੀ ਦਿਨ ਦਰਦੀ ਜੀ ਨੇ ਪਟਿਆਲੇ ਮਾਤਾ ਸਾਹਿਬ ਕੌਰ ਜੀ ਦੇ ਗੁਰਦੁਆਰਾ ਸਾਹਿਬ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਉੱਪਰ ਕਵਿਤਾ ਪੜ੍ਹਨੀ ਸੀ ਤਾਂ ਉਹ ਲਾਲ ਚੰਦ ਨੂੰ ਆਪਣੇ ਨਾਲ ਲੈ ਗਏ ਜਿੱਥੇ ਉਸ ਨੇ ਕੋਮਲ ਜਾਨਾ ਸਾਹਿਸਾਹ ਦੀ, ਹੱਥ ਬੇਦਰਦਾਂ ਦੇ ਆਈਆਂ' ਗੀਤ ਗਾਇਆ। ਸਮਾਗਮ ਦੇ ਪ੍ਰਧਾਨ ਬਾਵਾ ਬੁੱਧ ਸਿੰਘ ਜੀ ਉਨ੍ਹਾਂ ਯਮਲੇ ਨੂੰ 35 ਰੁਪਏ ਦਿੱਤੇ।ਜਿਸ ਨਾਲ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ।

ਲਾਲ ਚੰਦ ਯਮਲਾ ਜੱਟ ਨੂੰ ਤੂੰਬੀ ਦਾ ਬਾਦਸ਼ਾਹ ਵੀ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਸਮਿਆਂ ਵਿਚ ਪ੍ਰੋਗਰਾਮਾਂ ਤੇ ਸਾਧਨ ਨਾ ਹੋਣ ਕਰਕੇ ਤੁਰਕੇ ਜਾਣਾ ਪੈਂਦਾ ਸੀ ।ਲੰਮੇ ਪੈਂਡੇ ਤੇ ਕੱਚੇ ਰਾਹ ਹੋਣ ਕਾਰਨ ਵੱਡੇ-ਵੱਡੇ ਸਾਜ਼ ਚੁੱਕਣੇ ਔਖੇ ਸਨ ।ਤੂੰਬੀ ਹਲਕਾ ਤੇ ਹੌਲਾ-ਫੁੱਲ ਸਾਜ਼ ਐ ।ਇੱਕ ਤਾਰ ਉੱਤੇ ਪੋਟੇ ਲਗਾ ਕੇ ਜਗਾਉਣ ਦਾ ਨਿਵੇਲਾ ਤਜਰਬਾ ਹਾਸਿਲ ਕਰਨਾ ਉਸਦੇ ਹੀ ਹਿੱਸੇ ਆਇਆ ਸੀ ।ਸਟੇਜ ਦੇ ਉੱਪਰ ਖਲੋਤਾ ਯਮਲਾ ਜੱਟ ਜਦ ਤੂੰਬੀ ਟੁਣਕਾਉਂਦਾ ਸੀ ਤਾਂ ਉਹ ਸ਼ਬਦਾਂ ਨੂੰ ਸੁਰਾਂ ਕਰਦਾ ਹੋਇਆ ਸੰਗੀਤ ਦਾ ਅਲੌਕਿਕ ਨਜ਼ਾਰਾ ਬੱਝਾ ਦਿੰਦਾ ਤੇ ਸਰੋਤੇ ਮੰਤਰ-ਮੁਗਧ ਹੋ ਬਹਿੰਦੇ ।ਸਟੇਜ ਤੇ ਖਲੋਤਾ ਯਮਲਾ ਜੱਟ ਜਦ ਆਪਣੇ ਸਾਹਮਣੇ ਲੋਕਾਂ ਦੇ ਹਜੂਮ ਨੂੰ ਦੇਖਦਾ ਸੀ ਤਾਂ ਉਹ ਗਾਉਂਦਾ ਗਾਉਂਦਾ ਉਨ੍ਹਾਂ ਨਾਲ ਗੱਲਾਂ ਕਰਨ ਲੱਗ ਪੈਂਦਾ ਤੇ ਉਸਦੀ ਰੂਹ ਨਸ਼ਿਆਉਣ ਲੱਗ ਪੈਂਦੀ ।ਲਾਲ ਚੰਦ ਯਮਲਾ ਤੂੰਬੀ ਦੇ ਬਾਦਸ਼ਾਹ ਵਜੋਂ ਦੁਨੀਆਂ ਵਿੱਚ ਮਸ਼ਹੂਰ ਹੋਇਆ। ਤੂੰਬੀ ਉੱਤੇ ਸਾਫ਼-ਸੁਥਰੇ ਤੇ ਸੱਭਿਆਚਾਰਕ ਸਮਾਜਿਕ ਗੀਤ ਗਾਉਣ ਵਾਲੇ ਲਾਲ ਚੰਦ ਯਮਲਾ ਜੱਟ ਨੇ ਆਕਾਸ਼ਵਾਣੀ ਤੋਂ ਗਾਉਣਾ ਸ਼ੁਰੂ ਕੀਤਾ ।ਐਚ. ਐਮ. ਵੀ.ਕੰਪਨੀ ਵਿੱਚ ਤੂੰਬੀ ਉੱਤੇ ਗਾਉਣ ਵਾਲਾ ਲਾਲ ਚੰਦ ਯਮਲਾ ਜੱਟ ਸਭ ਤੋਂ ਪਹਿਲਾ ਕਲਾਕਾਰ ਸੀ ।ਕੰਪਨੀ ਜਿਵੇਂ ਜਿਵੇਂ ਉਸਦੇ ਗੀਤ ਰਿਕਾਰਡ ਕਰਦੀ ਗਈ, ਉਹ ਦਿਨੋਂ-ਦਿਨ ਲੋਕਾਂ ਦੀ ਜ਼ੁਬਾਨ 'ਤੇ ਚੜ੍ਹਦੇ ਗਏ । ਦਿਨਾਂ ਵਿੱਚ ਹੀ ਉਸਦੀ ਪ੍ਰਸਿੱਧੀ ਦੇਸ਼ ਭਰ ਵਿੱਚ ਫੈਲ ਗਈ । ਉਸਦੇ ਬਹੁ-ਪ੍ਰਚੱਲਿਤ ਗੀਤਾਂ ਵਿੱਚ:-ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਐ, ਸਤਿਗੁਰ ਨਾਨਕ ਆ ਜਾ,ਜੰਗਲ ਦੇ ਵਿੱਚ ਖੂਹਾਂ ਲੁਆਦੇ ,ਮੈਂ ਤੇਰੀ ਤੂੰ ਮੇਰਾ, ਤੇਰੇ ਨੀ ਕਰਾਰਾਂ ਮੈਨੂੰ ਪੱਟਿਆ,ਕਣਕਾਂ ਜੰਮੀਆਂ ਗਿੱਠ-ਗਿੱਠ ਲੰਮੀਆਂ, ਜਵਾਨੀ ਮੇਰੀ ਰਾਂਗਲੀ ਲੈ ਦੇ ਚਰਖ਼ਾ ਸ਼ੀਸ਼ਿਆਂ ਵਾਲਾ, ਫੁੱਲਾ ਮਹਿਕ ਨੂੰ ਸੰਭਾਲ ਸੰਭਲ-ਸੰਭਲ ਕੇ ਚੱਲ ਮੁਟਿਆਰੇ, ਚਿੱਟਾ ਹੋ ਗਿਆ ਲਹੂ ਭਰਾਵੋ, ਜੱਗ ਦਿਆ ਚਾਨਣਾ ਮੁੱਖ ਨਾ ਲੁਕਾ ਵੇ,ਇੱਛਰਾ ,ਆਰ ਟਾਂਗਾ-ਪਾਰ ਟਾਂਗਾ, ਰਾਣੀ ਜਿਨ੍ਹਾਂ ਕੀਤੀ ਨਾ ਕਮਾਈ ਉਨ੍ਹੇ ਰੱਜ ਕੇ ਕੀ ਖਾਣਾ, ਅਰਜ਼ ਮੇਰੀ ਦਾਤਿਆ, ਜਾਨ ਦੁੱਖ ਵਿਚ ਪਾ ਲਈ, ਲੱਕ ਸੋਨੇ ਦੀ ਜ਼ੰਜੀਰੀ, ਜਵਾਨੀ ਮੇਰੀ ਰੰਗਲੀ, ਖੇਡ ਦੇ ਦਿਨ ਚਾਰ, ਓਨੇ ਲਵੇਂਗਾ ਨਜ਼ਾਰੇ ਜਿੰਨਾ ਰੁਕ ਜਾਵੇਂਗਾ, ਮੇਰੇ ਦਿਲ ਦਾ ਬੋਝਾ ਖ਼ਾਲੀ ਸੀ ਵਰਗੇ ਅਨੇਕਾਂ ਹੋਰ ਗੀਤ ਯਮਲਾ ਜੱਟ ਨੇ ਆਪਣੇ ਲਿਖੇ ਹੋਏ ਗੀਤ ਅਤੇ ਲੋਕ-ਗਾਥਾਵਾਂ ਨੂੰ ਹੀ ਗਾਇਆ।ਲਾਲ ਚੰਦ ਅਨਪੜ੍ਹ ਹੋਣ ਕਾਰਨ ਗੀਤ ਆਪਣੇ ਸ਼ਾਗਿਰਦ ਤੋਂ ਲਿਖਵਾ ਲੈਂਦਾ ਤੇ ਉਨ੍ਹਾਂ ਨੂੰ ਜ਼ੁਬਾਨੀਯਾਦ ਕਰ ਲੈਂਦਾ। ਯਮਲਾ ਜੱਟ ਜੀ ਨੇ ਆਪਣੇ ਸਮੇਂ ਦੀ ਪ੍ਰਸਿੱਧ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਨਾਲ ਕੁਝ ਕੁਝ ਦੋਗਾਣੇ ਵੀ ਰਿਕਾਰਡ ਕਰਵਾਏ ਜਿਨ੍ਹਾਂ ਵਿਚ:- ਜਗਤੇ ਨੂੰ ਛੱਡ ਕੇ ਤੂੰ ਭਗਤੇ ਕਰ ਲੈ,ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ ਵਰਗੇ ਹੋਰ ਵੀ । ਕਲਾਕਾਰੀ ਤੇ ਗੀਤਕਾਰੀ ਇਹ ਟਾਵੇਂ ਟਾਂਵੇ ਵਿਅਕਤੀ ਦੇ ਹਿੱਸੇ ਹੀ ਆਉਂਦੀਆਂ ਹਨ। ਯਮਲਾ ਜੱਟ ਇਨ੍ਹਾਂ ਦੋਵੇਂ ਗੁਣਾਂ ਦਾ ਧਨੀ ਰਿਹਾ ਜਿਸ ਦੇ ਸਿਰ ਉਸ ਨੇ ਆਪਣੀ ਕਲਾ ਦੇ ਜੌਹਰ ਵਿਖਾਉਣ ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿੱਚ ਵੀ ਗਾ ਕੇ ਸੰਸਾਰ ਭਰ ਚ ਪ੍ਰਸਿੱਧੀ ਹਾਸਿਲ ਕਰਦਿਆਂ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਕੀਤੇ। ਉਸ ਨੇ ਦੇਸ਼ ਦੀਆਂ ਮਹਾਨ ਸ਼ਖ਼ਸੀਅਤਾਂ ਡਾ. ਰਜਿੰਦਰ ਪ੍ਰਸਾਦ, ਗਿਆਨੀ ਜੈਲ ਸਿੰਘ, ਪੰਡਤ ਜਵਾਹਰ ਲਾਲ ਨਹਿਰੂ ਤੇ ਵੈਂਕਟੇਰਮਨ ਵਰਗੀਆਂ ਮਹਾਨ ਸ਼ਖ਼ਸੀਅਤਾਂ ਦੇ ਹੱਥੋਂ ਪ੍ਰਸ਼ੰਸਾ ਪੱਤਰ ਹਾਸਿਲ ਕੀਤੇ। ਆਦਿ। ਯਮਲੇ ਜੱਟ ਨੂੰ ਜ਼ਿੰਦਗੀ 'ਚ ਦੁੱਖ ਉਨ੍ਹਾਂ ਦੇ ਗੱਭਰੂ ਪੁੱਤ ਜਸਵਿੰਦਰ ਯਮਲੇ ਦੇ ਜਹਾਨੋਂ ਤੁਰ ਜਾਣ ਨਾਲ ਹੋਇਆ । ਯਮਲੇ ਜੱਟ ਇਕ ਦਿਨ ਘਰ ਪੈਰ ਤਿਲਕਣ ਕਾਰਨ ਡਿੱਗ ਪਏ, ਉਨ੍ਹਾਂ ਦੇ ਚੂਲ੍ਹੇ 'ਤੇ ਜ਼ਿਆਦਾ ਸੱਟ ਲੱਗ ਗਈ, ਜੋ ਛੇਤੀ ਠੀਕ ਨਾ ਹੋ ਸਕੀ। ਸਿੱਟੇ ਵਜੋਂ ਉਸ ਦੀ ਸਿਹਤ ਦਿਨੋਂ-ਦਿਨ ਮਾੜੀ ਹੁੰਦੀ ਗਈ।

ਉਸ ਸਮੇਂ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੇ ਉਸ ਦੇ ਘਰ ਜਾ ਕੇ ਹਾਲ-ਚਾਲ ਵੀ ਪੁੱਛਿਆ ਤੇ ਆਰਥਿਕ ਸਹਾਇਤਾ ਵੀ ਭੇਂਟ ਕੀਤੀ। ਉਨ੍ਹਾਂ ਨੇ 19-20 ਅਕਤੂਬਰ 1991 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਲੱਗਣ ਵਾਲੇ ਪ੍ਰੋ: ਮੋਹਨ ਸਿੰਘ ਮੇਲੇ ਵਿੱਚ ਸੱਟ ਦੀ ਪ੍ਰਵਾਹ ਨਾ ਕਰਦਿਆਂ ਰਾਤ ਨੂੰ 8.00-9.00 ਵਜੇ ਹਾਜ਼ਰੀ ਭਰੀ। ਇਸ ਮੇਲੇ ਵਿੱਚ ਉਸ ਵੇਲੇ ਸਟੇਜ ਉੱਪਰ ਪੰਜਾਬ ਦੇ ਪ੍ਰਸਿੱਧ ਗਾਇਕ ਕੁਲਦੀਪ ਮਾਣਕ, ਮੁਹੰਮਦ ਸਦੀਕ, ਗੁਰਦਾਸ ਮਾਨ, ਹੰਸ ਰਾਜ ਹੰਸ, ਪ੍ਰੋ: ਗੁਰਭਜਨ ਗਿੱਲ, ਪ੍ਰਗਟ ਸਿੰਘ ਗਰੇਵਾਲ, ਜਨਮੇਜਾ ਸਿੰਘ ਜੌਹਲ, ਹਰਭਜਨ ਬਟਾਲਵੀ ਅਤੇ ਹੋਰ ਵੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਮੌਜੂਦ ਸਨ। ਜਗਦੇਵ ਸਿੰਘ ਜੱਸੋਵਾਲ ਅਤੇ ਉਨ੍ਹਾਂ ਦੇ ਸ਼ਾਗਿਰਦ ਉਸਤਾਦ ਲਾਲ ਚੰਦ ਯਮਲਾ ਨੂੰ ਕੁਰਸੀ ਉੱਪਰ ਬਿਠਾ ਬਿਠਾਇਆ ਉਨ੍ਹਾਂ ਨੇ ਜਦੋਂ ਗਾਇਆ ਤਾਂ ਪੰਜਾਬੀ ਭਵਨ ਦਾ ਵਿਹੜਾ ਦਰਸ਼ਕਾਂ ਨਾਲ ਖਚਾਖਚ ਭਰਿਆ ਹੋਇਆ ਸੀ ਜੋ ਤਾੜੀਆਂ ਦੀ ਗੂੰਜ ਨਾਲ ਵਾਰ-ਵਾਰ ਗੂੰਜ ਉੱਠਿਆ।ਇਹ ਉਨ੍ਹਾਂ ਦੀ ਆਖਰੀ ਭਰਵੀਂ ਸਟੇਜ ਸੀ ਜਿਸ ਨੂੰ ਉਸਤਾਦ ਉਨ੍ਹਾਂ ਨੇ ਲੁੱਟ।ਜ਼ਿਆਦਾ ਸੱਟ ਲੱਗੀ ਹੋਣ ਕਾਰਨ ਜੋ ਛੇਤੀ ਠੀਕ ਨਾ ਹੋ ਸਕੀ।

**ਸਰੂਪ ਸਿੰਘ ,ਚੌਧਰੀ ਮਾਜਰਾ (ਨਾਭਾ)**

# ਜਦੋਂ ਸਾਡੀ ਮਾਸਟਰੀ ਤੇ ਆਣ ਬਣੀ

ਗੱਲ ਕਰੀਬ ਤਿੰਨ ਦਹਾਕੇ ਪੁਰਾਣੀ ਹੈ ।ਜਦੋਂ ਪੰਜਾਬ ਦੇ ਹਾਲਾਤ ਅਣ ਸੁਖਾਂਵੇਂ ਰਹਿਣ ਮਗਰੋਂ 1992 ਚ ਸੂਬੇ ਅੰਦਰ ਰਾਸ਼ਟਰਪਤੀ ਰਾਜ ਸਮਾਪਤ ਹੋਇਆ।ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੋਂਦ ਚ ਆਈ।ਉਸ ਵਕਤ ਮੈ ਪੰਜਾਬੀ ਯੂਨੀਵਰਸਿਟੀ ਪਟਿਆਲਾ ਚ ਉਚੇਰੀ ਸਿਖਿਆ (ਐਮ ਫਿਲ)ਹਾਸਲ ਕਰ ਰਿਹਾ ਸਾਂ।ਮੇਰੀ ਪੜਾਈ ਖਤਮ ਹੋਣ ਕਿਨਾਰੇ ਸੀ ।ਸਿਰਫ ਮੇਰਾ ਥੀਸਿਸ ਲਿਖਣਾ ਬਾਕੀ ਸੀ।ਸੋਚ ਰਿਹਾ ਸਾਂ ਕਿ ਕਿਸੇ ਨਾ ਕਿਸੇ ਤਰਾਂ,ਕਿਧਰੇ ਨੌਕਰੀ ਦਾ ਜੁਗਾੜ ਲੱਗ ਜਾਵੇ।ਕਿਉਕਿ 5-6 ਸਾਲ ਯੂਨੀਵਰਸਿਟੀ ਚ ਰਹਿਣ ਸਦਕਾ ਪਿੰਡ ਵਾਪਸ ਜਾਣ ਨੂੰ ਦਿਲ ਨਹੀ ਕਰਦਾ ਸੀ।ਇਸੇ ਦੌਰਾਨ ਸਰਕਾਰ ਵੱਲੋਂ 2442 ਦੇ ਕਰੀਬ ਅਧਿਆਪਕਾਂ ਦੀ ਭਰਤੀ ਦਾ ਇਸ਼ਤਿਹਾਰ ਅਖਬਾਰਾਂ ਚ ਪ ?ਕਾਸ਼ਤ ਕੀਤਾ ਗਿਆ।ਮੇਰੀ ਬੀ.ਐਡ ਕੀਤੀ ਹੋਈ ਹੋਣ ਸਦਕਾ ਮੈਂ ਅਧਿਆਪਕ ਭਾਰਤੀ ਲਈ ਅਪਲਾਈ ਕਰ ਦਿੱਤਾ ।ਪਰ ਭਰਤੀ ਦੀ ਪਰਕਿਰਿਆ ਦੋ ਸਾਲ ਪਿੱਛੋਂ ਸ਼ੁਰੂ ਹੋਈ ।ਸੰਨ1994ਚ ਮੇਰੀ ਬਤੌਰ ਸਮਾਜਿਕ ਸਿਖਿਆ ਅਧਿਆਪਕ ਨਿਯੁਕਤੀ ਹੋ ਗਈ।ਮੈਨੂੰ ਸਰਕਾਰੀ ਹਾਈ ਸਕੂਲ ਸਲਾਣੀ (ਜਿਲਾ ਫਤਿਹਗੜ ਸਾਹਿਬ)ਮਿਲਿਆ।ਬੜੀ ਖੁਸ਼ੀ ਹੋਈ ਕਿ ਪੱਕੀ ਨੌਕਰੀ ਮਿਲ ਗਈ ਹੈ।ਕਿਉਕਿ ਇਸ ਤੋ ਪਹਿਲਾਂ ਮੈ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਐਡਹਾਕ ਤੇ ਹਿਸਟਰੀ ਲੈਕਚਰਾਰ ਦੇ ਤੌਰ ਤੇ ਪੜਾਇਆ ਰਿਹਾ ਸਾਂ।ਨੌਕਰੀ ਮਿਲਣ ਪਿੱਛੋਂ ਮੈਨੂੰ ਇੰਝ ਜਾਪਿਆ ਜਿਵੇ ਮੇਰੀ ਮਿਹਨਤ ਰਾਸ ਆ ਗਈ ਹੋਵੇ ।ਕਿਉਕਿ ਸਾਡੇ ਖਾਨਦਾਨ ਚ ਇਸ ਤੋ ਪਹਿਲਾਂ ਇੱਕਾ ਦੁੱਕਾ ਜਾਣੇ ਹੀ ਨੌਕਰੀ ਕਰਦੇ ਸਨ।ਜਿਸ ਕਰਕੇ ਸਰਕਾਰੀ ਨੌਕਰੀ ਮਿਲਣਾ ਤਾਂ ਸਾਡੇ ਪਰਵਾਰ ਲਈ ਹੋਰ ਵੀ ਖ਼ੁਸ਼ੀ ਵਾਲੀ ਗੱਲ ਸੀ।ਮੈ ਅਗਸਤ1994ਨੂੰ ਜੁਆਇਨ ਕੀਤਾ ।ਅਸੀਂ ਕੁਸ਼ੀ ਖੁਸ਼ੀ ਵਿਦਿਆਰਥੀਆਂ ਨੂੰ ਪੜਾਉਣ ਲੱਗੇ।ਸਾਡਾ ਸਰਕਾਰੀ ਨੌਕਰੀ ਲੱਗਣ ਦਾ ਹਾਲੇ ਚਾਅ ਵੀ ਪੂਰਾ ਨਹੀਂ ਹੋਇਆ ਸੀ।ਕਿ ਚਾਰ ਮਹੀਨੇ ਪਿੱਛੋ ਹੀ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਚੰਡੀਗੜ੍ਹ ਵੱਲੋਂ ਸਾਡੀਆਂ ਪੋਸਟਾਂ (ਅਸਾਮੀਆਂ )ਨੂੰ ਇਸ਼ਤਿਹਾਰ ਤੋਂ ਵਾਧੂ ਭਰਤੀ ਕਹਿ ਕਿ ਅਯੋਗ ਕਰਾਰ ਦਿੰਦਿਆਂ ਸਾਨੂੰ ਮਾਸਟਰੀ ਤੋਂ ਹਟਾਉਣ ਦਾ ਹੁਕਮ ਸੁਣਾ ਦਿੱਤਾ ਗਿਆ।ਜਿਸ ਨਾਲ 10000 ਅਧਿਆਪਕਾਂ ਤੇ ਉਹਨਾਂ ਨਾਲ ਜੁੜੇ ਪਰਵਾਰਾਂ ਅਤੇ ਸਮੁੱਚੇ ਸਿਖਿਆ ਜਗਤ ਚ ਹਾ..ਹਾ..ਕਾਰ ਮਚ ਗਈ।ਇਸ ਨਿਰਣੇ ਨਾਲ ਸਾਨੂੰ ਅਤੇ ਸਾਡੇ ਪਰਵਾਰਕ ਮੈਬਰਾਂ ਨੂੰ ਗਹਿਰਾ ਝਟਕਾ ਲੱਗਾ।ਕਿਉਕਿ ਬਹੁਤਿਆਂ ਨੂੰ ਤਾਂ ਲੰਬੇ ਅਰਸੇ ਪਿਛੋ ਨੌਕਰੀ ਮਿਲੀ ਸੀ ਤੇ ਕਾਫੀ ਅਧਿਆਪਕ ਤਾਂ ਓਵਰ ਏਜ ਹੋਣ ਦੀ ਕਗਾਰ ਤੇ ਸਨ।ਜੋ ਹੋਰ ਵੀ ਚਿੰਤਾ ਦਾ ਵਿਸ਼ਾ ਸੀ ।ਨੌਕਰੀਆਂ ਖੁੱਸਣ ਮਗਰੋਂ ਅਸੀ ਸੜਕਾਂ ਤੇ ਆ ਗਏ।ਸਾਡੇ ਪਰਵਾਰ ਚਿੰਤਾ ਚ ਜਾ ਡੁੱਬੇ।ਬਹੁਤ ਸਾਰਿਆਂ ਦੇ ਰਿਸ਼ਤੇ ਟੁੱਟ ਗਏ।ਕਿਉਕਿ ਨੌਕਰੀ ਮਿਲਣ ਕਾਰਨ ਬਹੁਤ ਸਾਰੇ ਆਧਿਆਪਕਾਂ ਦੇ ਮੰਗਣੇ ਹੋ ਗਏ ਸਨ,।ਪਰ ਜਿਉ ਹੀ ਆਧਿਆਪਕਾਂ ਦੀਆਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਆਇਆ ਤਾਂ ਉਨਾਂ ਚੋ ਬਹੁਤ ਸਾਰੇ ਅਧਿਆਪਕਾਂ ਦੇ ਰਿਸ਼ਤੇ ਇਸੇ ਕਰਕੇ ਟੁੱਟ ਗਏ ਕਿ ਉਨਾਂ ਨੂੰ ਸਰਕਾਰੀ ਮਾਸਟਰੀ ਤੋਂ ਹਟਾਇਆ ਦਿੱਤਾ ਗਿਆ ਹੈ।ਮੰਗਣੇ ਟੁੱਟਣ ਕਾਰਨ ਅਜਿਹੇ ਅਧਿਆਪਕਾਂ ਲਈ ਇੱਕ ਨਵੀ ਸਮਸਿਆ ਖੜੀ ਹੋ ਗਈ ।ਉਹ ਅਧਿਆਪਕ ਮਾਨਸਕ ਤੌਰ ਤੇ ਪੇ ?ਸ਼ਾਨ ਹੋ ਗਏ।ਸਮਾਜ ਚ ਅਧਿਆਪਕਾਂ ਦੇ ਰੁੱਤਬੇ ਨੂੰ ਸੱਟ ਵੱਜੀ।ਪਰ ਅਸੀ ਸਭ ਨੇ ਠਾਹਣ ਲਿਆ ਕਿ ਮੁੜ ਨੌਕਰੀ ਚ ਬਹਾਲ ਹੋ ਕਿ ਰਹਾਂਗੇ।ਬੇਸ਼ਕ ਇਸ ਲਈ ਸਾਨੂੰ ਕੁੱਝ ਵੀ ਕਿਉ ਨਾ ਕਰਨਾ ਪਵੇ। ਅਸੀ ਨੌਕਰੀ ਤੋਂ ਕੱਢੇ ਗਏ ਅਧਿਆਪਕਾਂ ਨੇ ਨਵ ਨਿਯੁਕਤ ਅਧਿਆਪਕ ਨਾਂ ਦੀ ਜਥੇਬੰਦੀ ਬਣਾ ਕਿ ਸ਼ੰਘਰਸ਼ ਵਿੱਢ ਦਿੱਤਾ।ਰੋਸ ਮੁਜਾਹਰੇ ਧਰਨੇ ਤੇ ਰੈਲੀਆ ਦਾ ਸਿਲਸਲਾ ਅਰੰਭ ਕਰ ਦਿੱਤਾ।ਰਾਮ ਸਰੂਪ ਢੈਪਈ,ਸੁਰਿੰਦਰ ਭਰੂਰ,ਕੁਲਦੀਪ ਰਾਜੇਵਾਲੀਆ,ਸਤਨਾਮ ਭੁੱਲਰ,ਸ਼ੁਭਾਸ਼ ਪਰੂਥੀ ,ਮੰਗਲ ਸਿੰਘ ਟਾਂਡਾ,ਬਲਕਾਰ ਸਿੰਘ ਵਲਟੋਹਾ ਵਰਗੇ ਤਜਰਬੇਕਾਰ ਅਧਿਆਪਕਾਂ ਦੀ ਅਗਵਾਹੀ ਚ ਅਸੀ ਸਾਰਿਆਂ ਨੇ ਨੌਕਰੀਆਂ ਨੂੰ ਬਚਾਉਣ ਵਾਸਤੇ ਸ਼ੰਘਰਸ਼ ਅਰੰਭ ਕਰ ਦਿੱਤਾ ।ਸੂਬੇ ਦੀਆਂ ਬਹੁਤੀਆਂ ਮੁਲਾਜ਼ਮ ਜਥੇਬੰਦੀਆਂ ਸਾਡੇ ਸੰਘਰਸ਼ ਦੀ ਹਮਾਇਤ ਤੇ ਉੱਤਰ ਆਈਆਂ।ਜਿਸ ਸਦਕਾ ਕੁਝ ਹੀ ਦਿਨਾ ਚ ਅਸੀ ਸ਼ੰਘਰਸ਼ ਨੂੰ ਚਾਰਮ ਸੀਮਾ ਤੇ ਲੈ ਗਏ।ਸਰਕਾਰ ਨੂੰ ਸਾਡੇ ਸੰਘਰਸ਼ ਸਾਹਮਣੇ ਝੁਕਣਾ ਪਿਆ।ਬਦਨਾਮੀ ਦੇ ਡਰੋਂ ਤੇ ਅਧਿਆਪਕਾਂ ਦੇ ਸੰਘਰਸ਼ ਦੇ ਦਬਾਅ ਚ ਆਉਂਦਿਆਂ ਬੇਅੰਤ ਸਰਕਾਰ ਵੱਲੋਂ ਕੈਬਨਿਟ ਦੀ ਮੀਟਿੰਗ ਬੁਲਾ ਕੇ ਮਾਣਯੋਗ ਅਦਾਲਤ ਦੇ ਫ਼ੈਸਲੇ ਨੂੰ ਧਿਆਨ ਚ ਰੱਖਦੇ ਹੋਇਡ ਸਾਡੇ ਹੱਕ ਚ ਮਤਾ ਪਾਸ ਕਰ ਦਿੱਤਾ ਗਿਆ।ਸਾਨੂੰ ਸਾਰਿਆ ਨੂੰ 89ਦਿਨਾ ਦੇ ਅਧਾਰ ਤੇ ਸੇਵਾ ਚ ਮੁੜ ਰੱਖ ਲਿਆ । ਪਰ ਸਾਡਾ ਮੰਨਣਾ ਸੀ ਕਿ ਅਕਸੈਸ ਭਰਤੀ ਵਾਸਤੇ ਅਧਿਆਪਕਾ ਦਾ ਕੀ ਕਸੂਰ ਹੈ ? ਜਿਨਾ ਅਫਸਰਾਂ ਨੇ ਅਕਸੈਸ (ਵਾਧੂ)ਭਰਤੀ ਕੀਤੀ ਹੈ ।ਉਨਾ ਨੂੰ ਸਜਾ ਮਿਲਣੀ ਚਾਹੀਦੀ ਹੈ ।ਨਾ ਕਿ ਆਧਿਆਪਕਾ ਨੂੰ।ਜਿਸ ਕਰਕੇ ਅਸੀ ਅਪਣੇ ਆਪ ਨੂੰ ਬੇਕਸੂਰ ਸਾਬਤ ਕਰਨ ਵਾਸਤੇ ਤੇ ਰੈਗੂਲਰ ਨੌਕਰੀਆ ਪਾ ?ਪਤ ਕਰਨ ਲਈ ਸ਼ੰਘਰਸ਼ ਨੂੰ ਜਾਰੀ ਰਖਦਿਆਂ ਹੋਰ ਤੇਜ ਕਰਕੇ ਮੰਤਰੀਆ ਦੇ ਘਿਰਾਉ ਕਰਨੇ ਸ਼ੁਰੂ ਕਰ ਦਿੱਤੇ।ਨਾਲ ਹੀ ਜੇਲ ਭਰੋ ਅੰਦੋਲਨ ਵੀ ਵਿੱਢ ਦਿੱਤਾ ਗਿਆ । ਚੰਡੀਗੜ੍ਹ ਚ ਸੰਘਰਸ਼ ਦੌਰਾਨ ਸਾਡੇ ਬਹੁਤ ਸਾਰੇ ਅਧਿਆਪਕ ਸਾਥੀ ਗੰਭੀਰ ਰੂਪ ਚ ਜਖਮੀ ਵੀ ਹੋਏ। ਬਹੁਤ ਸਾਰੇ ਅਧਿਆਪਕਾ ਨੂੰ ਕਈ ਕਈ ਦਿਨ ਜੇਲ ਚ ਵੀ ਰਹਿਣਾ ਪਿਆ।ਇਸ ਦੇ ਬਾਵਜੂਦ ਕਰੋ ਜਾ ਮਰੋ ਦੀ ਨੀਤੀ ਅਖਤਿਆਰ ਕਰਦਿਆਂ ਅਸੀ ਸ਼ੰਘਰਸ਼ ਜਾਰੀ ਰੱਖਿਆ।ਆਖਰ ਸਰਕਾਰ ਨੂੰ ਇਕ ਵਾਰ ਫੇਰ ਇੰਨਾ ਅਧਿਆਪਕਾਂ ਦੇ ਸੰਘਰਸ਼ ਅੱਗੇ ਝੁਕਦਿਆਂ ਇਨਾਂ ਅਧਿਆਪਕਾਂ ਨੂੰ ਪੱਕੇ ਕਰਨ ਵਾਸਤੇ ਆਰਡੀਨੈਂਸ ਪਾਸ ਕਸਰਨਾ ਪਿਆ।ਜੋ ਮਾਣਯੋਗ ਅਦਾਲਤ ਚ ਚੈਲਿੰਗ ਹੋ ਗਿਆ।ਇਸ ਮਗਰੋਂ ਸਰਕਾਰ ਵੱਲੋਂ ਨਾਲ ਹੀ ਨਵੀਂ ਭਰਤੀ ਦਾ ਇਸ਼ਤਿਹਾਰ ਵੀ ਪਬਲਿਸ਼ ਕਰ ਦਿੱਤਾ ਗਿਆ।ਜਿਸ ਨਾਲ ਸਾਡੇ ਬਹੁਤ ਸਾਰੇ ਅਧਿਆਪਕ ਇਸ ਨਵੀਂ ਭਾਰਤੀ ਚ ਸਿਲੈਕਟ ਹੋ ਗਏ।ਜੋ ਰਹਿ ਗਏ ਉਹਨਾਂ ਨੂੰ ਦੁਬਾਰਾ ਸਪੈਸ਼ਲ ਆਰਡੀਨੈਂਸ ਲਿਆ ਕੇ ਪੱਕੇ ਕਰ ਦਿੱਤਾ ਗਿਆ। ਇਸ ਤਰਾਂ ਆਖ਼ਰ ਜਿੱਤ ਅਧਿਆਪਕਾਂ ਦੀ ਹੋਈ ।ਹੌਲੀ ਹੌਲੀ ਸਾਰੇ ਅਧਿਆਪਕ ਪੱਕੇ ਹੋ ਗਏ।ਇਸ ਤਰਾਂ ਦਸ ਹਜਾਰ ਦੇ ਕਰੀਬ ਨੌਕਰੀਓ ਕੱਢੇ ਅਧਿਆਪਕਾਂ ਨੂੰ ਲੰਬੇ ਸ਼ੰਘਰਸ਼ ਪਿਛੋ ਰੁਜ਼ਗਾਰ ਮਿਲ ਗਿਆ ।ਹੁਣ ਸਾਡੇ ਵਿੱਚੋ ਕਾਫੀ ਅਧਿਆਪਕ ਸੇਵਾ ਮੁਕਤ ਹੋ ਚੁੱਕੇ ਹਨ ।ਪਰ ਅੱਜ ਜਦੋ ਨੌਕਰੀਆਂ ਤੋਂ ਕੱਢੇ ਜਾਣ ਵਾਲਾ ਵਕਤ ਯਾਦ ਆਉਦਾ ਤਾਂ ਮੇਰੇ ਲੂੰ ਕੰਡੇ ਖੜੇ ਹੋ ਜਾਂਦੇ ਹਨ।

**ਅਜੀਤ ਖੰਨਾ**

# ਵਿਸ਼ਵ ਬੈਂਕ ਦੀ ਟੀਮ ਨੇ ਸ਼ਹਿਰ ਦਾ ਦੌਰਾ ਕਰ ਲਿਆ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ






ਸ਼ਹਿਰ ਵਿੱਚ ਲੋਕਾਂ ਨੂੰ ਲਗਾਤਾਰ ਸਾਫ ਪਾਣੀ ਦੀ ਸਪਲਾਈ ਲਈ ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੇ ਗਏ ਨੇ ਅੰਮ੍ਰਿਤਸਰ ਬਲਕ ਵਾਟਰ ਸਪਲਾਈ ਸਕੀਮ (ਏ.ਬੀ.ਡਬਲਯੂ.ਐੱਸ.ਐੱਸ.) ਪ੍ਰੋਜੈਕਟ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵਿਸ਼ਵ ਬੈਂਕ ਦੀ ਟੀਮ ਵੱਲੋਂ ਸ਼ਹਿਰ ਦਾ ਦੌਰਾ ਕੀਤਾ ਗਿਆ। ਜਿਕਰ ਜੋਗ ਹੈ ਕਿ ਨਗਰ ਨਿਗਮ ਵਲੋਂ ਵਿਸ਼ਵ ਬੈਂਕ ਦੇ ਸਹਿਯੋਗ ਨਾਲ ਪੰਜਾਬ ਮਿਉਂਸਪਲ ਸਰਵਿਸਿਜ਼ ਇੰਪਰੂਵਮੈਂਟ ਪ੍ਰੋਜੈਯੋਗ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਆਉਣ ਵਾਲੇ ਸਮੇਂ ਵਿੱਚ ਅੱਪਰ ਬਾਰੀ ਦੁਆਬ ਨਹਿਰ ਦਾ ਪਾਣੀ ਸਾਫ਼ ਕਰਕੇ ਹਰ ਘਰ ਤੱਕ ਪਹੁੰਚਾਇਆ ਜਾਵੇਗਾ। ਜਿਸ ਲਈ ਵੱਲ੍ਹਾ ਦੇ ਨੇੜੇ 44 ਕਰੋੜ ਵਾਲੇ ਆਧੁਨਿਕ ਵਾਟਰ ਟ?ਰੀਟਮੈਂਟ ਪਲਾਂਟ ਬਣਾਇਆ ਜਾ ਰਿਹਾ ਹੈ। ਇਨ੍ਹਾਂ ਦੇ ਇਲਾਵਾ ਸ਼ਹਿਰ ਵਿੱਚ 45 ਨਵੀਆਂ ਪਾਣੀ ਦੀਆਂ ਟੈਂਕੀਆਂ ਅਤੇ 112 ਕਿ.ਮੀ. ਲੰਮੀ ਪਾਈਪਲਾਈਨ ਬਿਛਾਉਣ ਦੇ ਕੰਮ ਚਲ ਰਹੇ ਹਨ, ਜਿਸ ਵਿੱਚੋਂ 85 ਕਿਲੋਮੀਟਰ ਪਾਈਪਲਾਈਨ ਵਿਛਾਈ ਜਾ ਚੁੱਕੀ ਹੈ। ਵਿਸ਼ਵ ਬੈਂਕ ਦੀ ਟੀਮ ਵਿੱਚ ਵਿਸ਼ਵ ਬੈਂਕ ਦੀ ਟੀਮ ਵਿੱਚ ਨਤਾਸਾ ਵੇਟਮਾ, ਰੋਜ਼ਾਨਾ ਨਿਟੀ, ਡਾ. ਬੀ.ਕੇ.ਡੀ. ਰਾਜਾ, ਚਾਰੂ ਜੈਨ, ਅਨਿੰਦੋ ਭੱਟਾਚਾਰੀਆ, ਨਾਵਿਕਾ ਚੌਧਰੀ ਵਲੋਂ ਸੌ ਫੁੱਟੀ ਰੋਡ, ਕੰਵਰ ਐਵੇਨਿਊ ਪਾਰਕ, ਚਮਰੰਗ ਰੋਡ ਪਾਰਕ, ਵਿਕਾਸ ਨਗਰ ਸਥਿਤ ਸਰਕਾਰੀ ਪੌਲੀਟੈਕਨਿਕ ਕਾਲਜ ਵਿੱਚ ਬਣ ਰਹੀਆਂ ਪਾਣੀ ਦੀਆਂ ਟੈਂਕੀਆਂ, ਰਾਮਤੀਰਥ ਰੋਡ ਹਾਈਵੇਅ ਨੇੜੇ ਪਾਈਪਲਾਈਨ ਦੇ ਨਾਲ-ਨਾਲ ਵੱਲਾ ਵਿੱਚ ਬਣ ਰਹੇ ਵਾਟਰ ਟ?ਰੀਟਮੈਂਟ ਪਲਾਂਟ ਦਾ ਦੌਰਾ ਕੀਤਾ ਅਤੇ ਉਸਾਰੀ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਤੋਂ ਬਾਅਦ, ਟੀਮ ਨੇ ਨਿਗਮ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨਾਲ ਪ੍ਰੋਜੈਕਟ ਦੀ ਸਮੀਖਿਆ ਮੀਟਿੰਗ ਕੀਤੀ। ਇਸ ਮੌਕੇ, ਨਿਗਮ ਕਮਿਸ਼ਨਰ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਕਾਰਨ ਪਿਛਲੇ ਸਮੇਂ ਵਿੱਚ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਚਲੇ ਗਏ ਸਨ, ਜਿਸ ਕਾਰਨ ਕੰਮ ਦੀ ਰਫ਼ਤਾਰ ਹੌਲੀ ਹੋਈ ਹੈ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ’ਤੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਗਰਮੀ ਅਤੇ ਲੂ ਤੋਂ ਬਚਾਉਣ ਲਈ ਵਿਸ਼ੇਸ਼ ਕਦਮ ਚੁੱਕੇ ਗਏ ਹਨ ਜਿਵੇਂ ਕਿ ਦੁਪਹਿਰ 12 ਤੋਂ 3 ਵਜੇ ਤੱਕ ਕੰਮ ਕਰਨ ’ਤੇ ਪਾਬੰਦੀ, ਕਾਮਿਆਂ ਦੇ ਰਹਿਣ ਵਾਲੇ ਕੈਬਿਨਾਂ ਵਿੱਚ ਹਵਾ ਵਾਲੇ ਕੂਲਰ, ਠੰਡਾ ਪੀਣ ਵਾਲਾ ਪਾਣੀ ਅਤੇ ਓ.ਆਰ.ਐਸ. ਦਿੱਤੇ ਜਾ ਰਹੇ ਹੈ।

ਵਿਸ਼ਵ ਬੈਂਕ ਦੀ ਟੀਮ ਨੇ ਪ੍ਰੋਜੈਕਟ ਅਧੀਨ ਮਜ਼ਦੂਰਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਕਦਮਾਂ ਅਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਉਸਾਰੀ ਕਾਰਣ ਵਾਤਾਵਰਣ ਪ੍ਰਭਾਵ ਨੂੰ ਘਟਾਉਣ ਲਈ ਚੁੱਕੇ ਗਏ ਕਦਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਹਰਸਤਿੰਦਰ ਸਿੰਘ ਢਿੱਲੋਂ (ਜੀ.ਐਮ. ਪ੍ਰੋਜੈਕਟ, ਪੀ.ਐੱਮ.ਆਈ.ਡੀ.ਸੀ.), ਕੁਲਦੀਪ ਸਿੰਘ ਸੈਣੀ (ਪ੍ਰੋਜੈਕਟ ਮੈਨੇਜਰ), ਜੀਤਿਨ ਵਾਸੁਦੇਵਾ (ਕਾਰਜਕਾਰੀ ਇੰਜਨੀਅਰ), ਨਰਿੰਦਰਪਾਲ ਸਿੰਘ, ਅਸ਼ਵਨੀ ਕੁਮਾਰ, ਬਾਦਲ ਸੋਨੀ, ਡਾ: ਸੁਮਿਤ ਅਰੋੜਾ ਆਦਿ ਵੀ ਮੌਜੂਦ ਸਨ।

# ਇਲੈਕਟਰੀਸ਼ਨ ਐਸੋਸੀਏਸ਼ਨ ਅੰਮ੍ਰਿਤਸਰ ਦੂਸਰਿਆਂ ਲਈ ਬਣੀ ਮਿਸਾਲ

## *ਕਈ ਸਾਲਾਂ ਤੋਂ ਹਰ ਹਫਤੇ ਜਰੂਰਤਮੰਦਾਂ ਨੂੰ ਦਿੱਤਾ ਜਾ ਰਿਹਾ ਹੈ ਰਾਸ਼ਨ- ਬਲਬੀਰ ਭਸੀਨ*




**ਅੰਮ੍ਰਿਤਸਰ/ਅਰਵਿੰਦਰ ਵੜੈਚ**

ਅੰਮ੍ਰਿਤਸਰ ਇਲੈਕਟਰੀਸ਼ਨ ਐਸੋਸੀਏਸ਼ਨ ਵੱਲੋਂ ਪਿਛਲੇ ਕਈ ਸਾਲਾਂ ਤੋਂ ਜਰੂਰਤਮੰਦ ਪਰਿਵਾਰਾਂ ਨੂੰ ਸਪਤਾਹਿਕ ਰਾਸ਼ਨ ਵੰਡ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਹ ਐਸੋਸੀਏਸ਼ਨ ਦੂਸਰੇ ਲੋਕਾਂ ਅਤੇ ਸੰਸਥਾਵਾਂ ਲਈ ਇੱਕ ਮਿਸਾਲ ਪੈਦਾ ਕਰ ਰਹੀ ਹੈ। ਲਗਾਤਾਰ ਚੱਲਦੀ ਲੜੀ ਦੇ ਚਲਦਿਆਂ ਪ੍ਰਧਾਨ ਬਲਬੀਰ ਭਸੀਨ ਦੀ ਅਗਵਾਈ ਵਿੱਚ ਕੇ.ਐਸ ਇਲੈਕਟਰੀਕਲ, ਨਿਊ ਗੋਕਲ ਕਾ ਬਾਗ, 100 ਫੁੱਟੀ ਰੋਡ ਵਿਖੇ ਜਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਭੇਟ ਕੀਤਾ ਗਿਆ। 44ਵੇਂ ਰਾਸ਼ਨ ਵੰਡ ਪ੍ਰੋਗਰਾਮ ਦੇ ਦੌਰਾਨ ਪ੍ਰਧਾਨ ਬਲਬੀਰ ਭਸੀਨ,ਰਾਹੁਲ ਸ਼ਰਮਾ,ਅਸ਼ਵਨੀ ਕੁਮਾਰ ਸ਼ਰਮਾ ਨੇ ਕਿਹਾ ਕਿ ਆਪਣੇ ਅਤੇ ਆਪਣੇ ਪਰਿਵਾਰਿਕ ਮੈਂਬਰਾਂ ਦੇ ਲਈ ਹਰ ਪਰਿਵਾਰ ਮਿਹਨਤ ਕਰਕੇ ਕਮਾਈ ਕਰਕੇ ਜੀਵਨ ਬਸਰ ਕਰ ਰਿਹਾ ਹੈ। ਪਰ ਆਪਣੀ ਮਿਹਨਤ ਦੀ ਕਮਾਈ ਦੇ ਵਿੱਚੋਂ ਕੁਝ ਨਾ ਕੁਝ ਹਿੱਸਾ ਜਰੂਰਤਮੰਦ ਲੋਕਾਂ ਨੂੰ ਦੇਣ ਦੇ ਨਾਲ ਪਰਮਾਤਮਾ ਦਾ ਆਸ਼ੀਰਵਾਦ ਪ੍ਰਾਪਤ ਹੁੰਦਾ ਹੈ। ਜਰੂਰਤਮੰਦ ਲੋਕਾਂ ਦੀ ਕਿਸੇ ਨਾ ਕਿਸੇ ਤਰ੍ਹਾਂ ਦੀ ਸਹਾਇਤਾ ਨੂੰ ਲੈ ਕੇ ਸਾਨੂੰ ਆਪਣਾ ਆਪਣਾ ਯੋਗਦਾਨ ਜਰੂਰ ਅਦਾ ਕਰਨਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਇਲੈਕਟਰੀਕਲ ਦੁਕਾਨਦਾਰਾਂ ਦੇ ਸਹਿਯੋਗ ਦੇ ਨਾਲ ਰਾਸ਼ਨ ਭੇਟ ਕਰਨ ਦਾ ਸਿਲਸਿਲਾ ਪ੍ਰਭੂ ਇੱਛਾ ਦੇ ਮੁਤਾਬਿਕ ਲਗਾਤਾਰ ਜਾਰੀ ਰਹੇਗਾ ਇਸ ਮੌਕੇ ਤੇ ਕੁਲਜੀਤ ਸਿੰਘ,ਚੇਅਰਮੈਨ ਰਣਜੀਤ ਸਿੰਘ ਅਰੋੜਾ, ਗੌਰਵ ਜਿੰਦਲ ਤੋਂ ਇਲਾਵਾ ਐਸੋਸੀਏਸ਼ਨ ਦੇ ਅਹੁਦੇਦਾਰ ਅਤੇ ਹੋਰ ਕਈ ਦੁਕਾਨਦਾਰ ਵੀ ਮੌਜੂਦ ਸਨ।

# ਗੁਰਦੁਆਰਾ ਭਾਈ ਹਾਕਮ ਸਿੰਘ ਵਿਖੇ ਕੱਲ ਮਨਾਇਆ ਜਾਵੇਗਾ ਗੁਰੂ ਹਰਗੋਬਿੰਦ ਜੀ ਦਾ ਪ੍ਰਕਾਸ਼ ਦਿਹਾੜਾ



**ਫਿਰੋਜ਼ਪੁਰ/ਮਨੋਹਰ ਲਾਲ**

ਪੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਅਤੇ ਮਹਾਨ ਯੋਧੇ ਸ੍ਰੀ ਗੁਰੂ ਹਰਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਭਾਈ ਹਾਕਮ ਸਿੰਘ ਵਿਖੇ ਪ੍ਰਬੰਧਕ ਕਮੇਟੀ ਅਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਗੁ: ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿੰਘ, ਸਰਪ੍ਰਸਤ ਭਾਈ ਜ਼ਸਪਾਲ ਸਿੰਘ ਤੇ ਸਕੱਤਰ ਕਿੱਕਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਆਰੰਭ ਹੋ ਚੁੱਕੇ ਹਨ, ਜਿਨ੍ਹਾਂ ਦੇ 2 ਜੂਨ ਨੂੰ ਅੰਮ੍ਰਿਤ ਵੇਲੇ ਭੋਗ ਪਾਏ ਜਾਣਗੇ। ਭੋਗ ਉਪਰੰਤ ਦੀਵਾਨ ਸਜਾਣਗੇ, ਜਿਸ ਵਿਚ ਰਾਗੀ ਭਾਈ ਰਣਜੀਤ ਸਿੰਘ ਅਤੇ ਬੀਬੀ ਅਮਰਜੀਤ ਕੌਰ ਵੱਲੋਂ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਅਤੇ ਗੁਰੂ ਸਾਹਿਬ ਦੀ ਜੀਵਨੀ ਤੇ ਚਾਨਣਾ ਪਾਇਆ ਜਾਵੇਗਾ। ਆਗੂਆਂ ਨੇ ਦੱਸਿਆ ਕਿ ਸਮਾਪਤੀ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਉਪਰੋਕਤ ਆਗੂਆਂ ਨੇ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਲਈ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਸਮੇਂ ਬਾਬਾ ਮੁਖਤਿਆਰ ਸਿੰਘ, ਭਾਈ ਜ਼ਸਪਾਲ ਸਿੰਘ, ਕਿੱਕਰ ਸਿੰਘ ਸੰਧੂ, ਪਰਮਜੀਤ ਸਿੰਘ, ਗੁਰਚਰਨ ਸਿੰਘ ਬਾਵਾ, ਨਿਰਮਲ ਸਿੰਘ ਦੁਲਚੀ ਕੇ, ਸੁਖਬੀਰ ਸਿੰਘ ਸੰਧੂ, ਪਿੱਪਲ ਸਿੰਘ ਸ੍ਰਿੱਧ, ਅਜਮੇਰ ਸਿੰਘ ਅਤੇ ਪਰਗਟ ਸਿੰਘ ਆਦਿ ਆਗੂ ਹਾਜ਼ਰ ਸਨ।

# 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਲਈ ਔਨਲਾਈਨ ਰਜਿਸਟਰੇਸ਼ਨ ਪ੍ਰਕਿਰਿਆ ਸ਼ੁਰੂ - ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ

- ▲ ਅੰਤਰਰਾਸ਼ਟਰੀ ਯੋਗ ਦਿਵਸ "ਯੋਗ-ਅਮੀਰ, ਨਸ਼ਾ-ਮੁਕਤ" ਥੀਮ ’ਤੇ ਅਧਾਰਤ ਹੋਵੇਗਾ
- ▲ ਰੋਜ਼ਾਨਾ ਜੀਵਨ ਵਿੱਚ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੰਦਰੁਸਤੀ ਲਈ ਯੋਗ ਅਪਨਾਓ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਦੱਸਿਆ ਕਿ ਆਯੂਸ਼ ਵਿਭਾਗ ਵੱਲੋਂ 21 ਜੂਨ ਨੂੰ ਮਨਾਏ ਜਾਣ ਵਾਲੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਦੇ ਮੌਕੇ ’ਤੇ ਵੱਧ ਤੋਂ ਵੱਧ ਨਾਗਰਿਕਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਔਨਲਾਈਨ ਪੋਰਟਲ www.internationalyoga-dayhry.in ਰਾਹੀਂ ਰਜਿਸਟ?ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਤੋਂ ਇਲਾਵਾ, ਨਾਗਰਿਕ ਮੋਬਾਈਲ ਨੰਬਰ 9501131800 ’ਤੇ ਕਾਲ ਕਰਕੇ ਰਜਿਸਟ?ਰੇਸ਼ਨ ਨਾਲ ਸਬੰਧਤ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਯੋਗ ਇੱਕ ਪ੍ਰਾਚੀਨ ਭਾਰਤੀ ਅਭਿਆਸ ਹੈ, ਜੋ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਤੰਦਰੁਸਤੀ ਦਾ ਤਾਲਮੇਲ ਬਣਾਉਂਦਾ ਹੈ। ਇਹ ਅੱਜ ਵਿਸ਼ਵ ਪੱਧਰ ’ਤੇ ਸਿਹਤਮੰਦ ਜੀਵਨ ਦੇ ਇੱਕ ਪ੍ਰਭਾਵਸ਼ਾਲੀ ਸਾਧਨ ਵਜੋਂ ਸਵੀਕਾਰ ਕੀਤਾ ਗਿਆ ਹੈ। ਯੋਗਾ ਸੰਤੁਲਨ, ਲਚਕਤਾ ਅਤੇ ਮਾਨਸਿਕ ਸ਼ਾਂਤੀ ਨੂੰ ਉਤਸ਼ਾਹਿਤ ਕਰਕੇ, ਇੱਕ ਵਿਅਕਤੀ ਦੇ ਰੋਜ਼ਾਨਾ ਜੀਵਨ ਵਿੱਚ ਸਦਭਾਵਨਾ ਅਤੇ ਸਕਾਰਾਤਮਕਤਾ ਲਿਆ ਕੇ ਰਵਾਇਤੀ ਕਸਰਤਾਂ ਤੋਂ ਵੱਖਰਾ ਹੈ।

ਉਨ੍ਹਾਂ ਕਿਹਾ ਕਿ ਯੋਗਾ ਦੇ ਨਿਯਮਤ ਅਭਿਆਸ ਨਾਲ ਤਣਾਅ ਘਟਾਉਣ, ਦਿਲ ਦੀ ਸਿਹਤ ਵਿੱਚ ਸੁਧਾਰ ਅਤੇ ਸਰੀਰਕ ਸਹਿਣਸ਼ੀਲਤਾ ਵਿੱਚ ਵਾਧਾ ਵਰਗੇ ਲਾਭ ਮਿਲਦੇ ਹਨ। ਰੋਜ਼ਾਨਾ ਰੁਟੀਨ ਵਿੱਚ ਮੁੱਢਲੇ ਯੋਗਾ ਆਸਣਾਂ ਨੂੰ ਸ਼ਾਮਲ ਕਰਨ ਨਾਲ ਮਾਨਸਿਕ ਇਕਾਗਰਤਾ ਵੀ ਮਜ਼ਬੂਤ ?ਹੁੰਦੀ ਹੈ।

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਯੋਗਾ ਦਿਵਸ ਦੇ ਆਯੋਜਨ ਲਈ ਵਿਆਪਕ ਤਿਆਰੀਆਂ ਕਰਨ ਅਤੇ ਔਨਲਾਈਨ ਰਜਿਸਟ?ਰੇਸ਼ਨ ਬਾਰੇ ਜਾਗਰੂਕਤਾ ਫੈਲਾਉਣ ਦੇ ਨਿਰਦੇਸ਼ ਦਿੱਤੇ ਹਨ।

ਵਿਦਿਅਕ ਸੰਸਥਾਵਾਂ ਨੂੰ ਵਿਸ਼ੇਸ਼ ਤੌਰ ’ਤੇ ਵਿਦਿਆਰਥੀਆਂ ਨੂੰ ਰਜਿਸਟ?ਰੇਸ਼ਨ ਲਈ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਦੇ ਨਾਲ ਹੀ, ਆਮ ਲੋਕਾਂ ਨੂੰ ਯੋਗਾ ਦਿਵਸ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਯੋਗਾ ਨੂੰ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਲਈ ਉਤਸ਼ਾਹਿਤ ਕਰਨ ਲਈ ਜਨਤਕ ਜਾਗਰੂਕਤਾ ਮੁਹਿੰਮਾਂ ਚਲਾਈਆਂ ਜਾਣਗੀਆਂ।

# ਲੂ (ਗਰਮੀ) ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਕੀਤੀ ਗਈ ਐਡਵਾਜ਼ਰੀ ਜਾਰੀ

## ਗਰਮੀ ਤੋਂ ਬਚਣ ਲਈ ਵੱਧ ਤੋਂ ਵੱਧ ਤਰਲ ਪਦਾਰਥ ਪੀਓ : ਸਿਵਲ ਸਰਜਨ ਡਾ. ਪਵਨ ਕੁਮਾਰ

**ਹੁਸ਼ਿਆਰਪੁਰ /ਤਰਸੇਮ ਦੀਵਾਨਾ**

ਗਰਮੀ ਦੇ ਮੌਸਮ ਵਿੱਚ ਵੱਧਦੇ ਤਾਪਮਾਨ ਕਾਰਣ ਗਰਮੀ ਤੋਂ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਕਿ ਲੂ ਲੱਗਣ ਤੋਂ ਬਚਾਅ ਲਈ ਸਿਹਤ ਵਿਭਾਗ ਵੱਲੋਂ ਐਡਵਾਈਜ਼ਰੀ ਜਾਰੀ ਕਰਦੇ ਹੋਏ ਸਿਵਲ ਸਰਜਨ ਹੁਸ਼ਿਆਰਪੁਰ ਡਾ.ਪਵਨ ਕੁਮਾਰ ਸ਼ਗੋਤਰਾ ਵੱਲੋਂ ਲੋਕਾਂ ਨੂੰ ਗਰਮੀ ਕਾਰਨ ਹੋਣ ਵਾਲੀਆਂ ਬੀਮਾਰੀਆਂ ਤੋਂ ਬਚਾਅ ਲਈ ਲੋੜੀਂਦੇ ਉਪਰਾਲੇ ਕਰਨ ਦੀ ਅਪੀਲ ਕੀਤੀ ਗਈ ਹੈ।

ਸਿਵਲ ਸਰਜਨ ਨੇ ਕਿਹਾ ਕਿ ਗਰਮੀ ਨਾਲ ਸੰਬੰਧਤ ਬੀਮਾਰੀਆਂ ਉਸ ਸਥਿਤੀ ਨੂੰ ਕਹਿੰਦੇ ਹਨ ਜਦੋਂ ਤੁਹਾਡਾ ਸ਼ਰੀਰ ਜਿਆਦਾ ਤਾਪਮਾਨ ਵਾਲੇ ਵਾਤਾਵਰਣ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਖੁਦ ਨੂੰ ਠੰਡਾ ਕਰਨ ਲਈ ਆਮ ਰੂਪ ਵਿੱਚ ਪ੍ਰਤੀਕਿਰਿਆ ਨਹੀਂ ਕਰ ਪਾਉਂਦਾ।

ਇਸ ਸਥਿਤੀ ਵਿੱਚ ਸਭ ਤੋਂ ਗੰਭੀਰ ਸਥਿਤੀ ਨੂੰ ਲੂ ਲੱਗਣਾ (ਹੀਟ ਸਟਰੋਕ) ਕਹਿੰਦੇ ਹਨ, ਜਿਸ ਦੇ ਲੱਛਣ ਹਨ- ਸਰੀਰ ਦਾ ਤਾਪਮਾਨ 40 3/1406 ਤੋਂ ਉੱਪਰ ਹੋਣਾ, ਬੇਹੋਸ਼ੀ/ਮਾਨਸਿਕ ਘਬਰਾਹਟ/ਭ੍ਰਮ ਦੀ ਸਥਿਤੀ ਹੋਣੀ, ਚੱਕਰ ਆਉਣੇ, ਚਮੜੀ ਦਾ ਖੁਸ਼ਕ ਅਤੇ ਲਾਲ ਹੋਣਾ, ਬਹੁਤ ਕਮਜ਼ੋਰੀ ਹੋਣਾ, ਬਹੁਤ ਤੇਜ ਸਿਰ ਦਰਦ, ਪਸੀਨਾ ਆਉਣਾ ਬੰਦ ਹੋਣਾ, ਉਲਟੀ ਆਉਣਾ ਆਦਿ ਸ਼ਾਮਿਲ ਹਨ।

ਇਸ ਸਥਿਤੀ ਵਿੱਚ ਮਰੀਜ ਨੂੰ ਤੁਰੰਤ ਛਾਂ ਵਾਲੀ ਠੰਡੀ ਜਗ ?ਹਾ ਤੇ ਪਹੁੰਚਾਇਆ ਜਾਵੇ, ਪ੍ਰਾਥਮਿਕ ਉਪਚਾਰ ਜਿਵੇਂ ਕਿ ਕੱਪੜੇ ਢਿੱਲੇ ਕਰਨੇ ਤੇ ਘੱਟ ਕਰਨੇ, ਠੰਡੇ ਪਾਣੀ ਨਾਲ ਸਪ੍ਰੇ ਕਰਨਾ, ਬਰਫ/ ਠੰਡੇ ਪਾਣੀ ਨਾਲ ਗਿੱਲੇ ਕੀਤੇ ਤੋਲੀਏ/ਕੱਪੜੇ ਨਾਲ ਸਰੀਰ ਨੂੰ ਠੰਡਾ ਕਰਨਾ, ਸਿਰ, ਗਰਦਨ, ਬਗਲਾਂ, ਪੇਟ ਅਤੇ ਪੱਟਾਂ ਦੇ ਵਿੱਚ ਵਾਲੀ ਜਗ ?ਹਾ ਤੇ ਪੱਖਾ ਪੱਖਾ ਝੱਲਣਾ ਆਦਿ ਉਪਰਾਲੇ ਕੀਤੇ ਜਾਣ ਅਤੇ ਜੇਕਰ ਵਿਅਕਤੀ ਹੋਸ਼ ਵਿੱਚ ਹੈ ਤਾਂ ਓਆਰਐਸ ਕੋਲ ਜਾਂ ਠੰਡਾ ਪਾਣੀ ਥੋੜਾ ਥੋੜਾ ਪੀਣ ਲਈ ਦਿੱਤੇ ਜਾਣ ਅਗਲੇ ਇਲਾਜ ਲਈ ਮਰੀਜ ਨੂੰ ਤੁਰੰਤ ਹਸਪਤਾਲ ਵਿੱਚ ਦਾਖਲ ਕਰਵਾਉਣਾ ਬਹੁਤ ਜਰੂਰੀ ਹੈ ਤਾਂ ਜੋ ਸਹੀ ਤਰ੍ਹਾਂ ਨਾਲ ਇਲਾਜ ਕਰਕੇ ਮਰੀਜ ਦੀ ਜਾਨ



ਬਚਾਈ ਜਾ ਸਕੇ। ਜੇਕਰ ਹੋ ਸਕੇ ਤਾਂ ਮਰੀਜ ਨੂੰ ਵਾਤਾਨੁਕੂਲਿਤ ਵਾਹਨ ਵਿੱਚ ਹੀ ਹਸਪਤਾਲ ਲਿਜਾਇਆ ਜਾਵੇ। ਜੇਕਰ ਮਰੀਜ ਨੂੰ ਹਸਪਤਾਲ ਪਹੁੰਚਾਉਣ ਵਿੱਚ ਦੇਰੀ ਹੋ ਜਾਏ ਤਾਂ ਸਥਿਤੀ ਜੋਖਿਮ ਭਰੀ ਹੋ ਸਕਦੀ ਹੈ।

ਸਿਵਲ ਸਰਜਨ ਨੇ ਕਿਹਾ ਕਿ ਲੂ ਅਤੇ ਗਰਮੀ ਤੋਂ ਹੋਣ ਵਾਲੀਆਂ ਹੋਰ ਬਿਮਾਰੀਆਂ ਤੋਂ ਬਚਾਓ ਲਈ ਹੇਠ ਲਿਖੀਆਂ ਸਾਵਧਾਨੀਆਂ ਵਰਤੀਆਂ ਜਾਣ:-

? ਵਧੇਰੇ ਗਰਮੀ ਵਾਲੇ ਦਿਨਾਂ ਵਿੱਚ ਸੂਤੀ ਅਤੇ ਹਲਕੇ ਰੰਗਾਂ ਦੇ ਅਤੇ ਢਿੱਲੇ ਕੱਪੜੇ ਪਾਓ ਜੋ ਕਿ ਪਸੀਨਾ ਲਿਆ ਕੇ ਸਰੀਰ ਨੂੰ ਠੰਡਾ ਰੱਖਣ ਵਿੱਚ ਮਦਦ ਕਰਦੇ ਹਨ ਅਤੇ ਘੱਟ ਗਰਮੀ ਸੋਖਦੇ ਹਨ।

? ਕੜਕਦੀ ਧੁੱਪ ਵਿੱਚ ਕੰਮ ਕਰਨ/ਕਸਰਤ ਕਰਨ/ਖੇਡਣ ਤੋਂ ਬਚੋ।

? ਦੁਪਹਿਰ ਦੁਪਹਿਰ 12 ਵਜੇ ਤੋਂ ਸ਼ਾਮ 4 ਵਜੇ ਤੱਕ ਬਾਹਰ ਧੁੱਪ ਵਿੱਚ ਨਾ ਨਿਕਲੋ।

? ਸਿੱਧੀ ਧੁੱਪ ਤੋਂ ਬਚਣ ਲਈ ਛਤਰੀ, ਟੋਪੀ, ਤੌਲੀਆ ਜਾਂ ਦੁਪੱਟਾ ਆਦਿ ਵਰਤੋ।

? ਮੌਸਮੀ ਫਲ ਅਤੇ ਸਬਜ਼ੀਆਂ ਜਿਵੇਂ ਤਰਬੂਜ, ਸੰਤਰਾ, ਮੌਸਮੀ, ਖੀਰੇ ਟਮਾਟਰ ਆਦਿ ਖਾਓ, ਜਿਨਾਂ ਵਿੱਚ ਪਾਣੀ ਦੀ ਮਾਤਰਾ ਜਿਆਦਾ ਹੁੰਦੀ ਹੈ।

? ਪਾਣੀ ਦੀ ਬੋਤਲ ਨਾਲ ਲੈ ਕੇ ਚੱਲੋ ਅਤੇ ਥੋੜੇ ਥੋੜੇ ਸਮੇਂ ਬਾਅਦ ਪਾਣੀ ਪੀਂਦੇ ਰਹੋ। ਨਿੰਬੂ ਪਾਣੀ, ਲੱਸੀ, ਨਾਰੀਅਲ ਪਾਣੀ ਦਾ ਸੇਵਨ ਕਰੋ।

? ਸ਼ਰਾਬ, ਚਾਹ, ਕਾਫੀ, ਸੋਫਟ ਅਤੇ ਕਾਰਬੋਨੇਟਿਡ ਅਤੇ ਵਾਧੂ ਮਿੱਠੇ ਪੀਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰੋ ਕਿਉਂਕਿ ਇਹ ਅਸਲ ਵਿੱਚ ਬਾਡੀ ਫਲੂਡਜ਼ ਨੂੰ ਖਤਮ ਕਰਦੇ ਹਨ।

? ਲੰਬੇ ਸਮੇਂ ਤੱਕ ਧੁੱਪ ਵਿੱਚ ਖੜ੍ਹੇ ਵਾਹਨਾਂ ਵਿੱਚ ਬੈਠਣ ਸਮੇਂ ਸਾਵਧਾਨੀ ਵਰਤੋ।

ਖਾਸ ਤੌਰ ਤੇ ਨਵਜੰਮੇ ਤੇ ਛੋਟੇ ਬੱਚੇ, ਗਰਭਵਤੀ ਔਰਤਾਂ, 65 ਸਾਲ ਜਾਂ ਵੱਧ ਉਮਰ ਦੇ ਬਜ਼ੁਰਗ, ਮੋਟਾਪੇ ਤੋਂ ਪੀੜਤ ਵਿਅਕਤੀ, ਮਾਨਸਿਕ ਰੋਗੀ, ਜੋ ਸਰੀਰਕ ਤੌਰ ’ਤੇ ਬਿਮਾਰ ਹਨ, ਦਿਲ ਦੀ ਬਿਮਾਰੀ ਜਾਂ ਹਾਈ ਬਲੱਡ ਪ੍ਰੈਸ਼ਰ, ਅਨਿਯੰਤ੍ਰਿਤ ਸ਼ੂਗਰ ਦੇ ਮਰੀਜ਼ਾ ਜਾਂ ਧੁੱਪ ਵਿੱਚ ਕੰਮ ਕਰਨ ਵਾਲੇ ਮਜਦੂਰ, ਖਿਡਾਰੀ ਆਦਿ ਨੂੰ ਇਸ ਸੰਬੰਧੀ ਵਧੇਰੇ ਸਚੇਤ ਰਹਿਣ ਅਤੇ ਸਾਵਧਾਨੀਆਂ ਵਰਤਣ ਦੀ ਜਰੂਰਤ ਹੈ।

# ਭਾਸ਼ਾ ਵਿਭਾਗ, ਐੱਸ.ਏ.ਐੱਸ.ਨਗਰ ਵਿਖੇ ਉਰਦੂ ਆਮੋਜ਼ ਦੀ ਸਿਖਲਾਈ 01 ਜੁਲਾਈ ਤੋਂ

**ਮੋਹਾਲੀ /ਅਸ਼ੋਕ ਜੋਸ਼ੀ**

ਭਾਸ਼ਾ ਵਿਭਾਗ, ਪੰਜਾਬ ਮਾਂ-ਬੋਲੀ ਪੰਜਾਬੀ ਦੇ ਨਾਲ਼-ਨਾਲ਼ ਹੋਰਨਾਂ ਜ਼ੁਬਾਨਾਂ ਦੇ ਵਿਕਾਸ ਲਈ ਵੀ ਸਰਗਰਮ ਰਹਿੰਦਾ ਹੈ। ਇਸੇ ਕੜੀ ਵਿੱਚ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਵਿਖੇ ਉਰਦੂ ਆਮੋਜ਼ ਸਿਖਲਾਈ 01 ਜੁਲਾਈ 2025 ਤੋਂ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਸਬੰਧੀ ਡਾ. ਦਰਸ਼ਨ ਕੌਰ, ਖੋਜ ਅਫ਼ਸਰ, ਐੱਸ.ਏ.ਐੱਸ.ਨਗਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 01 ਜੁਲਾਈ 2025 ਤੋਂ ਸ਼ੁਰੂ ਹੋਣ ਵਾਲ਼ੇ ਉਰਦੂ ਆਮੋਜ਼ ਦੇ ਕੋਰਸ ਦੀ ਦਾਖਲਾ ਅਤੇ ਪ੍ਰੀਖਿਆ ਫੀਸ ਯਕਮੁਸ਼ਤ 500 ਰੁਪਏ ਨਿਸ਼ਚਿਤ ਕੀਤੀ ਗਈ ਹੈ। ਇਸ ਕੋਰਸ ਦੀ ਮਿਆਦ 6 ਮਹੀਨੇ ਅਤੇ ਜਮਾਤ ਦਾ ਸਮਾਂ ਰੋਜ਼ਾਨਾ ਇੱਕ ਘੰਟਾ ਹੋਵੇਗਾ। ਕਿਸੇ ਵੀ ਉਮਰ ਦਾ ਵਿਅਕਤੀ ਇਸ ਕੋਰਸ ਵਿੱਚ ਦਾਖਲਾ ਲੈ ਸਕਦਾ ਹੈ। ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਵੀ ਉਰਦੂ ਆਮੋਜ਼ ਦੀ ਸਿਖਲਾਈ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਲਈ ਫਾਰਮ ਭਰਨ ਲਈ ਆਖਰੀ ਮਿਤੀ 27/06/2025 ਰੱਖੀ ਗਈ ਹੈ। ਦਾਖਲਾ ਲੈਣ ਦੇ ਚਾਹਵਾਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ. 518 (ਏ), ਚੌਥੀ ਮੰਜ਼ਿਲ, ਐੱਸ.ਏ.ਐੱਸ.ਨਗਰ ਤੋਂ ਦਾਖਲਾ ਫਾਰਮ ਕਿਸੇ ਵੀ ਕੰਮਕਾਜ ਵਾਲ਼ੇ ਦਿਨ (ਦਫ਼ਤਰੀ ਸਮੇਂ ਦੌਰਾਨ) ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਦਾਖ਼ਲਾ ਫਾਰਮ ਭਰਨ ਉਪਰੰਤ ਦਫ਼ਤਰ ਵਿਖੇ 27 ਜੂਨ 2025 ਤੱਕ ਦਸਤੀ ਜਮ ?ਹਾਂ ਕਰਵਾਏ ਜਾ ਸਕਦੇ ਹਨ।

# ਰੋਟਰੀ ਕਲੱਬ ਬੰਗਾ ਗਰੀਨ ਵਲੋਂ ਲੋੜਵੰਦ ਮਰੀਜ ਦੀ ਨਕਦ ਰਾਸ਼ੀ ਦੇ ਕੇ ਕੀਤੀ ਮਦਦ

**ਬੰਗਾ/ ਜਗਦੀਸ਼ ਲਾਲ ਕਲਸੀ**

ਰੋਟਰੀ ਕਲੱਬ ਬੰਗਾ ਗ੍ਰੀਨ ਵਲੋਂ ਲੀਵਰ ਦੀ ਬਿਮਾਰੀ ਨਾਲ ਪੀੜਿਤ ਸਿਵਲ ਹਸਪਤਾਲ ਬੰਗਾ ਵਿਖੇ ਪਿੰਡ ਥਾਂਦੀਆਂ ਤੋਂ ਦਾਖਿਲ ਮਰੀਜ਼ ਸੂਰਜ ਲਈ 15100 ਰੁਪਏ ਦੀ ਕੈਸ਼ ਰਾਸ਼ੀ ਨਾਲ ਮਦਦ ਕੀਤੀ ਗਈ। ਇਸ ਮੌਕੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਅਤੇ ਵਾਈਸ ਪ੍ਰਧਾਨ ਸ਼ਮਿੰਦਰ ਸਿੰਘ ਗਰਚਾ ਨੇ ਦੱਸਿਆ ਕੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨਾ ਸਾਰਿਆਂ ਦਾ ਫਰਜ਼ ਹੈ ਅਤੇ ਆਪਣੀ ਸਮਰੱਥਾ ਅਨੁਸਾਰ ਇਨਸਾਨੀਅਤ ਨਾਤੇ ਲੋੜਵੰਦਾਂ ਦੀ ਮਦਦ ਜਰੂਰ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਦੱਸਿਆ ਕਿ ਜਦੋ ਇਸ ਮਰੀਜ਼ ਬਾਰੇ ਪਤਾ ਲੱਗਿਆ ਕਿ ਲੀਵਰ ਦੀ ਬਿਮਾਰੀ ਕਰਕੇ ਮਰੀਜ਼ ਨੂੰ ਚੰਡੀਗੜ੍ਹ ਰੈਫਰ ਕਰਨਾ ਪਵੇਗਾ ਅਤੇ ਉਸ ਦੀ ਆਰਥਿਕ ਹਾਲਤ ਵੀ ਠੀਕ ਨਹੀਂ ਹੈ ਤਾਂ ਸਾਰੇ ਮੈਂਬਰਾਂ ਨੇ




ਇਸ ਮਰੀਜ਼ ਦੀ ਮਦਦ ਕਰਨ ਦਾ ਫੈਂਸਲਾ ਲਿਆ ਅਤੇ ਅਰਦਾਸ ਕੀਤੀ ਕਿ ਮਰੀਜ਼ ਜਲਦੀ ਠੀਕ ਹੋ ਕੇ ਪਰਿਵਾਰ ਚ ਵਾਪਿਸ ਆਵੇ। ਇਸ ਮੌਕੇ ਐਸਡੀਉ ਬਿਜਲੀ ਬੋਰਡ ਗੁਰਬਖਸ਼ ਰਾਮ, ਰੋਟੇ. ਰਣਬੀਰ ਸਿੰਘ, ਰੋਟੇ. ਸ਼ਮਿੰਦਰ ਸਿੰਘ ਗਰਚਾ ਰੋਟੇ. ਜੀਵਨ ਦਾਸ ਕੋਸ਼ਲ ਸੈਕਟਰੀ, ਰੋਟੇ. ਗਗਨਦੀਪ ਸਿੰਘ ਚੀਫ ਮੈਨੇਜਰ ਪੀਐਨਬੀ, ਰਣਜੀਤ ਸਿੰਘ ਕੰਦੋਲਾ, ਬਲਦੇਵ ਜਵੇਲਰ ਬੰਗਾ ,ਦਵਿੰਦਰ ਕੁਮਾਰ ਆਦਿ ਹਾਜ਼ਿਰ ਸਨ।

# ਵਿਧਾਇਕ ਕੁਲਵੰਤ ਸਿੰਘ ਦੀਆਂ ਕੋਸ਼ਿਸ਼ਾਂ ਬਾਅਦ ਗਮਾਡਾ ਸੈਕਟਰ 76-80 ਦੇ ਅਲਾਟੀਆਂ ’ਤੇ ਲਗਾਏ ਗਏ ਇਨਹਾਸਮੈਂਟ ਖਰਚੇ ਨੂੰ ਘਟਾਉਣ ਲਈ ਸਹਿਮਤ ਹੋਇਆ

**ਮੋਹਾਲੀ /ਅਸ਼ੋਕ ਜੋਸ਼ੀ**

ਸੈਕਟਰ 76-80 ਦੇ ਅਲਾਟੀਆਂ, ਜਿਨ੍ਹਾਂ ਨੂੰ ਇਨਹਾਸਮੈਂਟ ਖਰਚਾ ਜਮ ?ਹਾਂ ਕਰਵਾਉਣ ਲਈ ਗਮਾਡਾ ਵੱਲੋਂ ਨੋਟਿਸ ਦਿੱਤੇ ਗਏ ਸਨ, ਨੂੰ ਵੱਡੀ ਰਾਹਤ ਦਿੰਦੇ ਹੋਏ, ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ

**ਵਿਧਾਇਕ ਸ. ਕੁਲਵੰਤ ਸਿੰਘ ਵੱਲੋਂ ਗਮਾਡਾ ਸੀ ਏ ਨਾਲ ਮੀਟਿੰਗ ਬਾਅਦ ਬਣੀ ਸਹਿਮਤੀ**

ਇਨਹਾਸਮੈਂਟ ਦੀ ਰਾਸ਼ੀ ਨੂੰ ਘਟਾਉਣ ਲਈ ਸਹਿਮਤ ਹੋ ਗਈ ਹੈ। ਇਹ ਸਹਿਮਤੀ ਅੱਜ ਵਿਧਾਇਕ ਕੁਲਵੰਤ ਸਿੰਘ ਵੱਲੋਂ ਗਮਾਡਾ ਦੇ ਮੁੱਖ ਪ੍ਰਸ਼ਾਸਕ ਵਿਸ਼ੇਸ਼ ਸਾਰੰਗਲ ਨਾਲ ਕੀਤੀ ਮੀਟਿੰਗ ਤੋਂ ਬਾਅਦ ਬਣੀ। ਉਹ ਇਨ੍ਹਾਂ ਨਿਵਾਸੀਆਂ ਦੀ ਇਸ ਮੁਸ਼ਕਿਲ ਦੇ ਹੱਲ ਲਈ ਪਿਛਲੇ ਕਈ ਦਿਨਾਂ ਤੋਂ ਯਤਨਸ਼ੀਲ ਸਨ।



ਜਾਣਕਾਰੀ ਦਿੰਦੇ ਹੋਏ, ਐਸ.ਏ.ਐਸ. ਨਗਰ ਦੇ ਵਿਧਾਇਕ ਸ. ਕੁਲਵੰਤ ਸਿੰਘ ਨੇ ਦੱਸਿਆ ਕਿ ਅਥਾਰਟੀ ਨੇ ਪਹਿਲਾਂ ਇਨ੍ਹਾਂ ਸੈਕਟਰਾਂ ਦੇ ਅਲਾਟੀਆਂ ਨੂੰ 3164/- ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਇਨਹਾਸਮੈਂਟ ਖਰਚ ਅਦਾ ਕਰਨ ਲਈ ਨੋਟਿਸ ਭੇਜੇ ਸਨ, ਜਿਸ ਤੇ ਅਲਾਟੀਆਂ ਵੱਲੋਂ ਇਸ ਖਰਚੇ ਨੂੰ ਘਟਾਉਣ ਦੀ ਬੇਨਤੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪਹਿਲਾਂ ਵੀ ਗਮਾਡਾ ਕੋਲ ਚੁੱਕਿਆ ਗਿਆ ਸੀ।

ਸ੍ਰੀ ਕੁਲਵੰਤ ਸਿੰਘ ਨੇ ਕਿਹਾ ਕਿ ਇਸ ਮੁੱਦੇ ’ਤੇ ਵਿਚਾਰ ਕਰਨ ਤੋਂ ਬਾਅਦ, ਹੁਣ ਗਮਾਡਾ ਨੇ ਇਨਹਾਸਮੈਂਟ ਖਰਚੇ ਨੂੰ 839/- ਰੁਪਏ ਪ੍ਰਤੀ ਵਰਗ ਮੀਟਰ ਦੇ ਹਿਸਾਬ ਨਾਲ ਘਟਾਉਣ ਦਾ ਵਿਚਾਰ ਕੀਤਾ ਹੈ ਅਤੇ ਅਥਾਰਟੀ ਜਲਦੀ ਹੀ ਸਮਰੱਥ ਪੱਧਰ ਤੋਂ ਪ੍ਰਵਾਨਗੀ ਲੈਣ ਲਈ ਕੇਸ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਇੱਕ ਵਾਰ ਮਨਜ਼ੂਰੀ ਮਿਲਣ ਤੋਂ ਬਾਅਦ, ਇਹ ਸੈਕਟਰ 76-80 ਦੇ ਅਲਾਟੀਆਂ ਲਈ ਵੱਡੀ ਰਾਹਤ ਹੋਵੇਗੀ।

ਇਸ ਤੋਂ ਇਲਾਵਾ, ਜਿਨ੍ਹਾਂ ਅਲਾਟੀਆਂ ਨੇ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ ਲੈ ਕੇ ਹੁਣ ਤੱਕ ਇਨਹਾਸਮੈਂਟ ਦੀ ਰਾਸ਼ੀ ਜਮ ?ਹਾਂ ਨਹੀਂ ਕਰਵਾਈ ਹੈ, ਉਨ੍ਹਾਂ ਤੋਂ ਕੋਈ ਜੁਰਮਾਨਾ/ਵਿਆਜ ਨਹੀਂ ਲਿਆ ਜਾਵੇਗਾ ਅਤੇ ਜਿਨ੍ਹਾਂ ਅਲਾਟੀਆਂ ਨੇ ਜਾਰੀ ਕੀਤੇ ਗਏ ਨੋਟਿਸਾਂ ਦੇ ਜਵਾਬ ਵਿੱਚ ਇਹ ਰਾਸ਼ੀ ਅਦਾ ਕਰ ਦਿੱਤੀ ਹੈ, ਉਨ੍ਹਾਂ ਦੀ ਵਾਧੂ ਰਕਮ ਨੂੰ ਐਡਜਸਟ/ਰਿਫੰਡ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸਿਲਸਿਲੇ ਵਿੱਚ ਐਂਟੀ-ਇਨਹਾਂਸਮੈਂਟ ਕਮੇਟੀ ਸੈਕਟਰ 76-80, ਐਸ ਏ ਐਸ ਨਗਰ ਦੇ ਮੈਂਬਰਾਂ ਦੀ ਇਨਹਾਂਸਮੈਂਟ ਚਾਰਜਾਂ ਵਿੱਚ ਕਟੌਤੀ ਦੇ ਮੁੱਦੇ ਤੇ ਪੁੱਡਾ ਭਵਨ ਵਿਖੇ ਮੁੱਖ ਪ੍ਰਸ਼ਾਸਕ, ਗਮਾਡਾ ਨਾਲ ਹੋਈ ਮੁਲਾਕਾਤ ਕਾਮਯਾਬ ਰਹੀ। ਮੁੱਖ ਪ੍ਰਸ਼ਾਸਕ ਨਾਲ ਮੁਲਾਕਾਤ ਕਰਨ ਵਾਲੀ ਕਮੇਟੀ ਵਿੱਚ ਸੁਖਦੇਵ ਸਿੰਘ ਪਟਵਾਰੀ (ਕਨਵੀਨਰ), ਸ੍ਰੀਮਤੀ ਚਰਨਜੀਤ ਕੌਰ, ਸ੍ਰੀ ਰਾਜੀਵ ਵਸ਼ਿਸ਼ਟ, ਸ੍ਰੀ ਸੁਖਚੈਨ ਸਿੰਘ, ਸ੍ਰੀ ਜਰਨੈਲ ਸਿੰਘ ਅਤੇ ਸ੍ਰੀ ਮੇਜਰ ਸਿੰਘ ਸ਼ਾਮਲ ਸਨ।

# ਪਦਮ ਪੁਰਸਕਾਰਾਂ ਲਈ 31 ਜੁਲਾਈ ਤੱਕ ਔਨਲਾਈਨ ਅਪਲਾਈ ਕਰੋ-ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ

**ਸੋਨੀਪਤ/ਰਜਤ ਕੁਮਾਰ**

ਡਿਪਟੀ ਕਮਿਸ਼ਨਰ ਡਾ. ਮਨੋਜ ਕੁਮਾਰ ਨੇ ਦੱਸਿਆ ਕਿ ਗਣਤੰਤਰ ਦਿਵਸ 2026 ਦੇ ਮੌਕੇ ’ਤੇ ਐਲਾਨੇ ਜਾਣ ਵਾਲੇ ਦੇਸ਼ ਦੇ ਸਭ ਤੋਂ ਉੱਚੇ ਨਾਗਰਿਕ ਪੁਰਸਕਾਰਾਂ - ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ - ਲਈ ਨਾਮਜ਼ਦਗੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੁਆਰਾ ਇਨ੍ਹਾਂ ਪੁਰਸਕਾਰਾਂ ਲਈ ਆਮ ਲੋਕਾਂ ਤੋਂ ਔਨਲਾਈਨ ਨਾਮਜ਼ਦਗੀਆਂ ਮੰਗੀਆਂ ਗਈਆਂ ਹਨ, ਜਿਸਦੀ ਆਖਰੀ ਮਿਤੀ 31 ਜੁਲਾਈ, 2025 ਨਿਰਧਾਰਤ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਸਿਰਫ਼ ਰਾਸ਼ਟਰੀ ਪੁਰਸਕਾਰ ਪੋਰਟਲ https://awards.gov.in ਰਾਹੀਂ ਹੀ ਕੀਤੀਆਂ ਜਾ ਸਕਦੀਆਂ ਹਨ। ਨਾਮਜ਼ਦਗੀਆਂ ਕਰਨ ਵਾਲਿਆਂ ਨੂੰ 800 ਸ਼ਬਦਾਂ ਤੱਕ ਦਾ ਇੱਕ ਵਿਆਖਿਆਤਮਕ ਹਵਾਲਾ ਵੀ ਜਮ ?ਹਾਂ ਕਰਵਾਉਣਾ ਚਾਹੀਦਾ ਹੈ, ਜਿਸ ਵਿੱਚ ਸਿਫਾਰਸ਼ ਕੀਤੇ ਵਿਅਕਤੀ ਦੀਆਂ ਪ੍ਰਾਪਤੀਆਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਪਸ਼ਟ ਤੌਰ ’ਤੇ ਜ਼ਿਕਰ ਕੀਤਾ ਗਿਆ ਹੋਵੇ। ਉਨ੍ਹਾਂ ਕਿਹਾ ਕਿ ਸਮਾਜ ਦੇ ਉਨ੍ਹਾਂ ਨਿਰਸਵਾਰਥ ਕਰਮਯੋਗੀਆਂ ਦੀ ਪਛਾਣ ਕਰਨ ਲਈ ਸਮੂਹਿਕ ਯਤਨ ਕੀਤੇ ਜਾਣੇ ਚਾਹੀਦੇ ਹਨ ਜੋ ਪ੍ਰਸਿੱਧੀ ਦੀ ਇੱਛਾ ਤੋਂ ਬਿਨਾਂ ਸਮਾਜ ਦੀ ਸੇਵਾ ਕਰ ਰਹੇ ਹਨ। ਖਾਸ ਕਰਕੇ ਔਰਤਾਂ, ਅਪਾਹਜ ਵਿਅਕਤੀਆਂ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ, ਕਮਜ਼ੋਰ ਵਰਗਾਂ ਅਤੇ ਪੇਂਡੂ ਖੇਤਰਾਂ ਵਿੱਚ ਸ਼ਾਨਦਾਰ ਕੰਮ ਕਰਨ ਵਾਲਿਆਂ ਨੂੰ ਅੱਗੇ ਲਿਆਂਦਾ ਜਾਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨੂੰ ਰਾਸ਼ਟਰੀ ਪੱਧਰ ’ਤੇ ਸਨਮਾਨ ਮਿਲ ਸਕੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਦਮ ਪੁਰਸਕਾਰ ਕਲਾ, ਸਾਹਿਤ, ਸਿੱਖਿਆ, ਦਵਾਈ, ਸਮਾਜਿਕ ਕਾਰਜ, ਵਿਗਿਆਨ ਅਤੇ ਤਕਨਾਲੋਜੀ, ਖੇਡਾਂ, ਜਨਤਕ ਸੇਵਾ, ਕਾਰੋਬਾਰ ਅਤੇ ਉਦਯੋਗ ਵਰਗੇ ਵੱਖ-ਵੱਖ ਖੇਤਰਾਂ ਵਿੱਚ ਅਸਾਧਾਰਨ ਸੇਵਾਵਾਂ ਅਤੇ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਦਿੱਤੇ ਜਾਂਦੇ ਹਨ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਡਾਕਟਰਾਂ ਅਤੇ ਵਿਗਿਆਨੀਆਂ ਨੂੰ ਛੱਡ ਕੇ ਜਨਤਕ ਕਾਰਜਾਂ ਵਿੱਚ ਕੰਮ ਕਰਨ ਵਾਲੇ ਸਰਕਾਰੀ ਕਰਮਚਾਰੀ ਪਦਮ ਪੁਰਸਕਾਰ ਲਈ ਯੋਗ ਨਹੀਂ ਹਨ। ਵਧੇਰੇ ਜਾਣਕਾਰੀ ਲਈ, ਨਾਗਰਿਕ ਪਦਮ ਪੁਰਸਕਾਰਾਂ ਦੀ ਅਧਿਕਾਰਤ ਵੈੱਬਸਾਈਟ https ://www.padmaawards.gov.in ’ਤੇ ਵੀ ਜਾ ਸਕਦੇ ਹਨ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਗੁ: ਮੱਲ ਅਖਾੜਾ ਸਾਹਿਬ ਪਾ: ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਮਨਾਇਆ ਗਿਆ



**ਅੰਮ੍ਰਿਤਸਰ** : ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਛਾਉਣੀ ਬੁੱਢਾ ਦਲ ਵਿਖੇ ਸਿੰਘ ਸਾਹਿਬ ਜਥੇ. ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਆਦੇਸ਼ਾਂ ਅਨੁਸਾਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿਚ ਬਾਬਾ ਫੂਲਾ ਸਿੰਘ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸ਼ਹੀਦ ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਸ੍ਰੀ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਬਾਬਾ ਫੂਲਾ ਸਿੰਘ ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਸ਼ਹੀਦ ਸੁਖਮਨੀ ਸੇਵਾ ਸੁਸਾਇਟੀ ਚੌਂਕ ਮੰਨਾ ਸਿੰਘ, ਮਾਤਾ ਭਾਨੀ ਜੀ ਸੁਖਮਨੀ ਸੇਵਾ ਸੁਸਾਇਟੀ ਗੁਰਨਾਮ ਨਗਰ, ਮਾਤਾ ਭਾਗ ਕੌਰ ਇਸਤਰੀ ਸਤਿਸੰਗ ਸਭਾ ਗੁਰਨਾਮ ਨਗਰ, ਬਾਬਾ ਦੀਪ ਸਿੰਘ ਜੀ ਸੁਖਮਨੀ ਸੇਵਾ ਸੁਸਾਇਟੀ ਪ੍ਰਤਾਪ ਨਗਰ, ਚਰਨ ਕੰਵਲ ਬੀਬੀਆਂ ਦਾ ਜਥਾ ਸ੍ਰੀ ਦਰਬਾਰ ਸਾਹਿਬ ਦੀਆਂ ਮੁਖੀ ਬੀਬੀਆਂ ਦੇ ਸ਼ਬਦੀ ਜਥਿਆਂ ਨੇ ਗੁਰਮਤਿ ਦੀਵਾਨ ਵਿਚ ਕੀਰਤਨ, ਗੁਰ ਇਤਿਹਾਸ ਤੇ ਗੁਰੂ ਸ਼ਬਦ ਨਾਲ ਸੰਗਤਾਂ ਨੂੰ ਜੋੜਿਆ। ਇਸ ਸਮੇਂ ਬੀਬੀ ਹਰਪ੍ਰੀਤ ਕੌਰ ਰਾਣੋ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਸਬੰਧੀ ਕਥਾ ਰਾਹੀਂ ਬੀਬੀਆਂ ਨਾਲ ਸਾਂਝ ਪਾਈ। ਸਤਿਸੰਗ ਵਿੱਚ ਸ਼ਾਮਲ ਬੀਬੀਆਂ ਨੂੰ ਸਿਰਪਾਓ ਨਾਲ ਸਨਮਾਨਤ ਕੀਤਾ ਗਿਆ। ਗੁਰੂ ਕੇ ਲੰਗਰ ਅਤੁੱਟ ਵਰਤੇ।

## ਲੇਖਿਕਾ ਬਲਜੀਤ ਕੌਰ ਝੂਟੀ ਦੀ ਰਾਜ ਪੁਰਸਕਾਰ ਲਈ ਹੋਈ ਚੋਣ

**ਜ਼ੀਰਾ /ਅੰਗਰੇਜ਼ ਬਰਾੜ**

ਇੰਡਿਕ ਆਰਟਸ ਵੈਲਫੇਅਰ ਕੌਂਸਲ ਨੇ ਰਾਜ ਪੁਰਸਕਾਰ 2025 ਲਈ ਲੇਖਿਕਾ ਬਲਜੀਤ ਕੌਰ ਝੂਟੀ ਦੀ ਚੋਣ ਕੀਤੀ ਹੈ। ਜ਼ਿਕਰ ਯੋਗ ਹੈ ਕਿ ਲੇਖਿਕਾ ਬਲਜੀਤ ਕੌਰ ਝੂਟੀ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ! ਹੁਸ਼ਿਆਰਪੁਰ ਦੇ ਪਿੰਡ ਜਿਆਣ ਦੀ ਝੂਟੀ ਪਰਿਵਾਰ ਦੀ ਨੂੰਹ ਤੇ ਅਧਿਆਪਨ ਦੇ ਖੇਤਰ ਵਿੱਚ ਨਵੀਆਂ ਪੈੜਾਂ ਸਿਰਜਦੀ



ਹਰ ਮੁਸ਼ਕਿਲ ਨੂੰ ਪਾਰ ਕਰਦੀ ਬਲਜੀਤ ਕੌਰ ਝੂਟੀ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਹੈ! ਹਰ ਆਨਲਾਈਨ, ਆਫਲਾਈਨ ਕਵੀ ਦਰਬਾਰ ਵਿਚ ਸ਼ਾਮਿਲ ਹੋਣ ਵਾਲੀ ਝੂਟੀ ਨੇ ਪੰਜਾਬੀ ਮਾਂ ਬੋਲੀ ਦੇ ਵਿਹੜੇ ਵਿੱਚ ਆਪਣੀ ਪਲੇਠੀ ਪੁਸਤਕ 'ਵਿਹੜੇ ਦੀ ਸ਼ਾਨ, ਅਤੇ ਆਪਣਾ ਲਿਖਿਆ ਤੇ ਗਾਇਆ ਗੀਤ 'ਦੋ ਕੋਮਲ ਜਿੰਦਾ, ਮਾਝਾ ਮਾਲਵਾ ਸੱਥ ਅੰਮ੍ਰਿਤਸਰ ਵਲੋਂ ਨਾਰੀ ਪੁਰਸਕਾਰ 2025 ਨਾਲ ਵੀ ਸਨਮਾਨਿਤ ਹੋ ਚੁੱਕੀ ਹੈ। ਹੁਣ ਮਿਊਜ਼ਿਕ ਹਟ ਟੀਵੀ ਚੈਨਲ ਤੇ ਪੰਜਾਬੀ ਸ਼ੌਰਟ ਫਿਲਮਾਂ ਕਰ ਰਹੀ ਹੈ! ਅਨੇਕਾ ਕਵੀ ਦਰਬਾਰਾਂ ਵਿਚ ਸਨਮਾਨਿਤ ਹੋ ਚੁੱਕੀ ਬਲਜੀਤ ਕੌਰ ਝੂਟੀ ਹੁਣ ਰਾਜ ਪੁਰਸਕਾਰ ਨਾਲ ਸਨਮਾਨਿਤ ਹੋ ਰਹੀ ਹੈ।

## ਮਲਟੀਪਰਪਜ਼ ਹੈਲਥ ਇੰਪਲਾਈਜ (ਫੀਮੇਲ ) ਦੀ ਪਿਛਲੇ ਦਿਨੀਂ ਹੋਈ ਚੋਣ ਦੇ ਸੰਬੰਧੀ ਵਿਸ਼ੇਸ਼ ਮੀਟਿੰਗ ਕੀਤੀ ਗਈ : ਉੱਪਲ, ਬਟਾਲਾ

**ਅੰਮ੍ਰਿਤਸਰ /ਮਲਕੀਅਤ ਸਿੰਘ**

ਪੰਜਾਬ ਪ੍ਰਧਾਨ ਮਨਜੀਤ ਕੌਰ ਫ਼ਰੀਦਕੋਟ ਸੀਨੀਅਰ ਮੁਲਾਜ਼ਮ ਆਗੂ ਪ੍ਰਭਜੀਤ ਸਿੰਘ ਉੱਪਲ, ਸੂਬਾ ਆਗੂ ਪਰਮਜੀਤ ਕੌਰ ਬਟਾਲਾ, ਜਿਲ੍ਹਾ ਗੁਰਦਾਸਪੁਰ ਫੇਡਰੇਸ਼ਨ ਪ੍ਰਧਾਨ ਨਿਸ਼ਾਨ ਸਿੰਘ ਸਹਾਰੀ, ਜਿਲ੍ਹਾ ਗੁਰਦਾਸਪੁਰ ਪ੍ਰਧਾਨ ਗੁਰਮੀਤ ਸਿੰਘ, ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਰਾਜਦੀਪ ਸਿੰਘ ਅਤੇ ਬਹੁ ਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਗਗਨਦੀਪ ਸਿੰਘ ਖ਼ਾਲਸਾ ਅਤੇ ਬਹੁ ਮੰਤਵੀ ਸਿਹਤ ਕਰਮਚਾਰੀ ਐਸੋਸੀਏਸ਼ਨ ਪੰਜਾਬ ਦੇ ਸੂਬਾ ਮੁੱਖ ਸਲਾਹਕਾਰ ਸੰਦੀਪ ਸਿੰਘ ਰਮਦਾਸ ਦੇ ਨਾਲ ਜਿਲ੍ਹੇ ਦੇ ਆਗੂਆਂ ਨੇ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਜਿਲ੍ਹਾ ਗੁਰਦਾਸਪੁਰ ਦੀ ਚੋਣ ਕਰਵਾਈ ਗਈ ਸੀ, ਜਿਸ ਵਿੱਚ ਰਮਨਜੀਤ ਕੌਰ ਮਾਨ ਨੌਸ਼ਹਿਰਾ ਮੱਝਾ ਸਿੰਘ ਨੂੰ ਜਿਲ੍ਹਾ ਪ੍ਰਧਾਨ, ਅਮਨਦੀਪ ਕੌਰ ਬਾਠ ਫ਼ਤਹਿਗੜ੍ਹ ਚੂੜੀਆਂ ਨੂੰ ਜਨਰਲ ਸਕੱਤਰ, ਸੁਖਵੰਤ ਕੌਰ ਐਲ ਐਚ ਵੀ ਕਾਹਨੂੰਵਾਨ ਨੂੰ



ਸੀਨੀਅਰ ਮੀਤ ਪ੍ਰਧਾਨ, ਲਖਵਿੰਦਰ ਕੌਰ ਨੂੰ ਕੈਸ਼ੀਅਰ, ਅੰਜਨਾ ਨੂੰ ਮੀਤ ਪ੍ਰਧਾਨ, ਰਾਜਬੀਰ ਕੌਰ ਨੂੰ ਮੀਤ ਪ੍ਰਧਾਨ, ਮਨਜਿੰਦਰ ਕੌਰ, ਹਰਦੀਪ ਕੌਰ, ਪਰਮਜੀਤ ਕੌਰ, ਸੁਖਜਿੰਦਰ ਕੌਰ, ਪਰਵਿੰਦਰ ਕੌਰ ਅਤੇ ਅਨੀਤਾ ਨੂੰ ਮੁੱਖ ਸਲਾਹਕਾਰ, ਸੁਨੀਤਾ ਨੂੰ ਪ੍ਰੈਸ ਸਕੱਤਰ ਅਤੇ ਆਸ਼ਾ ਰਾਣੀ ਅਤੇ ਰੰਜਨਾ ਨੂੰ ਐਗਜੀਕਿਊਟਿਵ ਮੈਂਬਰ ਚੁਣਿਆ ਗਿਆ। ਇਸ ਮੌਕੇ ਚੁਣੀ ਹੋਈ ਟੀਮ ਨੇ ਸਿਵਿਲ ਸਰਜ਼ਨ ਸਾਹਿਬ ਮੀਟਿੰਗ ਕੀਤੀ ਕੇਡਰ ਦੀਆ ਮੁਸ਼ਕਿਲਾਂ ਬਾਰੇ ਚਰਚਾ ਕੀਤੀ ਜਿਵੇਂ ਐਮ ਡੀ ਆਰ ਅਤੇ ਸੀ ਡੀ ਆਰ ਬਾਰੇ, ਅਤੇ ਸੀ ਐਚ ਓ ਦੇ ਛੁੱਟੀ ਤੇ ਜਾਣ ਕਰਕੇ ਐਮ ਪੀ ਐਚ ਡਬਲਯੂ ਮੇਲ ਅਤੇ ਫੀਮੇਲ ਦੀ ਡਿਊਟੀ ਨਾ ਲਗਾਉਣ ਬਾਰੇ, ਆਨਲਾਈਨ ਕੰਮ ਲਈ ਟੀਮ ਵਰਕ ਕਰਨ ਬਾਰੇ ਚਰਚਾ ਕੀਤੀ। ਸੂਬਾ ਆਗੂ ਮਨਜੀਤ ਕੌਰ ਫ਼ਰੀਦਕੋਟ ਜੀ ਨੂੰ ਨਾਲ ਲੈਕੇ ਬਹੁਤ ਜਲਦ ਹੀ ਮਾਣਯੋਗ ਡਾਇਰੈਕਟਰ ਸਿਹਤ ਸੇਵਾਵਾਂ ਚੰਡੀਗੜ ਨਾਲ ਮੀਟਿੰਗ ਕਰਨ ਲਈ ਕਿਹਾ ਗਿਆ। ਤਾ ਕਿ ਕੇਡਰ ਦੀਆ ਮੰਗਾ ਨੂੰ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਮੰਗਾਂ ਦੇ ਹੱਲ ਕੀਤੇ ਜਾਣਗੇ। ਇਸ ਮੌਕੇ ਬਲਕਾਰ ਸਿੰਘ ਖਰੀਏਵਾਲ, ਹੁਸ਼ਿਆਰਪੁਰ ਤੋਂ ਓਮਕਾਰ ਸਿੰਘ, ਪਰਦੀਪ ਸਿੰਘ ਸੈਣੀ, ਪਵਨ ਕੁਮਾਰ ਹਾਜੀਪੁਰ, ਰਾਜੇਸ਼ਵਰ ਕੁਮਾਰ ਹਾਜੀਪੁਰ, ਸੁਨੀਲ ਪੋਸ਼ੀ, ਵਿਰਸਾ ਸਿੰਘ ਮੰਡ ਮੰਡੇਰ, ਗੁਰਦਾਸਪੁਰ ਤੋਂ ਸਰਵਨ ਸਿੰਘ, ਸੁਰਜੀਤ ਸਿੰਘ, ਸਤਪਾਲ ਸਿੰਘ, ਸਰੂਪ ਸਿੰਘ, ਅਸ਼ੋਕ ਕੁਮਾਰ, ਜਤਿੰਦਰਪਾਲ ਸਿੰਘ, ਦਰਬਾਰਾ ਸਿੰਘ, ਵਿਜੈ ਕੁਮਾਰ, ਸੰਦੀਪ ਸਿੰਘ, ਸੁਖਵਿੰਦਰ ਸਿੰਘ, ਅਤੇ ਸਿੰਮੀ, ਰਾਜਵਿੰਦਰ ਕੌਰ, ਪਵਨਦੀਪ ਕੌਰ, ਸੋਨੀਆ ਬਲਜੀਤ ਕੌਰ ਸਰਬਜੀਤ ਕੌਰ, ਬਲਬੀਰ ਕੌਰ, ਬਲਵਿੰਦਰ ਕੌਰ, ਤਜਿੰਦਰ ਕੌਰ, ਕਾਂਤਾ, ਹਰਜੀਤ ਕੌਰ, ਕੁਲਬੀਰ ਕੌਰ ਅਤੇ ਹੋਰ ਸਾਥੀ ਹਾਜਿਰ ਸਨ।

ਚੋਣ ਹੋਣ ਉਪਰੰਤ ਮੁਲਾਜ਼ਮਾਂ ਦੀਆ ਭਖਦੀਆਂ ਮੰਗਾਂ ਬਾਰੇ ਮਾਣਯੋਗ ਸਿਵਿਲ ਸਰਜਨ ਗੁਰਦਾਸਪੁਰ ਜੀ ਨਾਲ ਮੀਟਿੰਗ ਕੀਤੀ ਗਈ ਅਤੇ ਯੂਨੀਅਨ ਵੱਲੋਂ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਸਿਵਲ ਸਰਜਨ ਸਾਹਿਬ ਜੀ ਨੂੰ ਯੂਨੀਅਨ ਵੱਲੋਂ ਸਿਰੋਪਾਉ ਭੇਟ ਕੀਤਾ ਗਿਆ।

## ਸਾਵਧਾਨ ! ਸ਼ਹਿਰ ਦੀਆਂ ਮੁੱਖ ਸ਼ੜਕਾਂ ਤੇ ਨਜਾਇਜ ਕਬਜਾ ਕਰਨ , ਮਲਬਾ ਅਤੇ ਕੂੜਾ ਸੁਟਣ ਵਾਲਿਆਂ ਦੇ ਹੋਣਗੇ ਚਲਾਨ

**ਅੰਮ੍ਰਿਤਸਰ/ਅਰਵਿੰਦਰ ਵੜੈਚ**

ਸ਼ਹਿਰ ਦੀਆਂ ਮੁੱਖ ਸੜਕਾਂ ਦੇ ਰੱਖ-ਰੱਖਾਵ ਨੂੰ ਲੈ ਕੇ ਇਸ ਸਮੇਂ ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਵਲੋਂ ਇੱਕ ਮੁਹਿਮ ਚਲਾਈ ਜਾ ਰਹੀ ਹੈ ਜਿਸ ਅਧੀਨ ਨਿਗਮ ਦੇ ਸਮੂਹ ਅਧਿਕਾਰੀਆਂ ਦੀਆਂ ਟੀਮਾਂ ਨੂੰ ਵੱਖ ਵੱਖ ਸੜਕਾਂ ਦੇ ਰੱਖ-ਰੱਖਾਵ ਲਈ ਨਿਯੁਕਤ ਕੀਤਾ ਹੋਇਆ ਹੈ ਅਤੇ ਉਹਨਾਂ ਪਾਸੋ ਹਫਤਾਵਾਰ ਰਿਪੋਰਟ ਨੂੰ ਵਾਚਣ ਲਈ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ। ਇਸੇ ਸਬੰਧ ਵਿੱਚ ਅਫਸਰਾਂ ਦੀ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ ਨਿਗਮ ਦੇ ਅਧਿਕਾਰੀਆਂ ਤੋ ਇਲਾਵਾ ਪੀ.ਡਬਲਯੂ ਡੀ ਵਿਭਾਗ ਅਤੇ ਟ?ਰੈਫਿਕ ਪੁਲਿਸ ਦੇ ਅਫਸਰ ਵੀ ਸ਼ਾਮਲ ਸਨ । ਮੀਟਿੰਗ ਦੌਰਾਨ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸਹਿਰ ਦੀਆਂ ਮੁੱਖ ਸੜਕਾਂ ਤੇ ਵਿਕਾਸ ਪੱਖੋ ਸਾਰੇ ਕੰਮ ਤਕਰੀਬਨ ਮੁਕੰਮਲ ਹੋ ਚੁਕੇ ਹਨ ਜਿਨਾ ਵਿੱਚ ਸੜਕਾਂ ਵਿੱਚ ਪਏ ਹੋਏ ਟੋਇਆਂ ਨੂੰ ਪੂਰ ਕਰ ਦਿਤਾ ਗਿਆ ਹੈ ਫੁਟਪਾਥ ਰਿਪੈਅਰ ਕੀਤੇ ਜਾ ਰਹੇ ਹਨ,ਸੈਂਟਰਲ ਵਰਜ ਅਤੇ ਸੜਕਾਂ ਦੇ ਆਲੇ ਦੁਆਲੇ ਘਾਹ-ਬੂਟੀ ਦੀ ਕਟਾਈ ਕੀਤੀ ਜਾ ਰਹੀ ਹੈ,ਖਰਾਬ ਪਏ ਸਟਰੀਟ ਲਾਈਟ ਪੁਆਇੰਟ ਚਾਲੂ ਕੀਤੇ ਜਾ ਰਹੇ ਹਨ ਪਰ ਅਧਿਕਾਰੀਆਂ ਵਲੋਂ ਸੂਚਿਤ ਕੀਤਾ ਗਿਆ ਕਿ ਸਾਰੇ ਕੰਮ ਕਰਨ ਦੇ ਬਾਵਜੂਦ ਲੋਕਾ ਵਲੋਂ ਸੜਕਾਂ ਤੇ ਸੁਟੇ ਗਏ ਮਲਬਾਂ ਅਤੇ ਕੂੜਾ ਅਤੇ ਇਸ ਤੋ ਇਲਾਵਾ ਕੀਤੀ ਗਏ ਨਜਾਇਜ ਕਬਜਿਆ ਨੂੰ ਰੋਕਣ ਲਈ



ਕਾਰਵਾਈ ਕੀਤੀ ਜਾਵੇ ਤਾਂ ਜੋ ਸ਼ਹਿਰ ਦੀਆਂ ਸੜਕਾਂ ਦੀ ਦਿਖ ਵਿੱਚ ਸੁਧਾਰ ਹੋ ਸਕੇ । ਜਿਸ ਤੇ ਕਮਿਸ਼ਨਰ ਵਲੋਂ ਮੀਟਿੰਗ ਵਿੱਚ ਮੌਜੂਦ ਪੀ.ਡਬਲਯੂ ਡੀ ਅਤੇ ਟ?ਰੈਫਿਕ ਪੁਲਿਸ ਦੇ ਆਧਿਕਾਰੀਆਂ ਨੂੰ ਨਿਗਮ ਅਧਿਕਾਰੀਆਂ ਨਾਲ ਮਿਲ ਕੇ ਕਾਰਵਾਈ ਕਰਨ ਲਈ ਕਿਹਾ ਗਿਆ ਅਜ ਦੀ ਇਸ ਮੀਟਿੰਗ ਵਿੱਚ ਕਾਰਜਕਾਰੀ ਇੰਜੀਨਿਅਰ ਭਲਿੰਦਰ ਸਿੰਘ, ਮਨਜੀਤ ਸਿੰਘ,ਐਸ.ਪੀ. ਸਿੰਘ , ਸਵਰਾਜਇੰਦਰ ਪਾਲ ਸਿੰਘ, ਸੁਨੀਲ ਮਹਾਜਨ , ਸਿਹਤ ਅਫਸਰ ਡਾ.ਯੋਗੇਸ਼ ਅਰੋੜਾ , ਏ.ਐਮ.ਓ.ਐਚ ਡਾ. ਰਮਾ,ਡਾ.ਕਿਰਨ, ਅਸਟੇਟ ਅਫਸਰ ਧਰਮਿੰਦਰਜੀਤ ਸਿੰਘ ਟ?ਰੈਫਿਕ ਪੁਲਿਸ ਇੰਸਪੈਕਟਰ ਰਾਮ ਦਵਿੰਦਰ ਸਿੰਘ, ਅਮਰਜੀਤ ਸਿੰਘ ਅਤੇ ਨਿਗਮ ਦੇ ਐਸ.ਡੀ.ਓਜ ਸ਼ਾਮਲ ਸਨ । ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਦਸਿਆ ਕਿ ਉਹ ਰੋਜਾਨਾ ਸ਼ਹਿਰ ਦੀਆਂ ਮੁੱਖ ਸੜਕਾਂ ਦਾ ਦੌਰਾ ਕਰ ਰਹੇ ਹਨ । ਉਹਨਾਂ ਦੇ ਧਿਆਨ ਵਿੱਚ ਆਇਆ ਹੈ ਕਿ ਗੋਲਡਨ ਗੇਟ ਤੋ ਭੰਡਾਰੀ ਪੁਲ ਤੱਕ ਰੇਤ ਦੀਆਂ ਟਰਾਲੀਆਂ ਵਾਲਿਆਂ ਵਲੋਂ ਸੜਕਾਂ ਤੇ ਨਜਾਇਜ ਕਬਜਾ ਕਰਕੇ ਟ?ਰੈਫਿਕ ਵਿੱਚ ਬਾਧਾ ਪੈਂਦੀ ਹੈ ਇਸ ਤੋ ਇਲਾਵਾ ਕਾਰਾ ਸਕੂਟਰਾਂ ਦੀ ਏਜੰਸੀਆਂ ਵਲੌਂ ਸ਼ੋ-ਰੂਮਾ ਦੇ ਬਾਹਰ ਗਡੀਆਂ ਖੜੀਆਂ ਕਰਕੇ ਨਜਾਇਜ ਕਬਜੇ ਕੀਤੇ ਹਨ । ਭੰਡਾਰੀ ਪੁਲ ਦੇ ਥਲੇ ਟਾਇਰ ਮਾਰਕੀਟ ਵਿੱਚ ਵੀ ਨਜਾਇਜ ਕਬਜਿਆਂ ਦੀ ਭਰਮਾਰ ਹੈ ਇਸ ਤੋ ਇਲਾਵਾ ਬਟਾਲਾ ਰੋਡ ਤੇ ਐਲੀਵੈਟਿਡ ਰੋਡ ਦੇ ਥਲੇ ਰੇਹੜੀ ਫੜੀ ਵਾਲਿਆ ਤੋ ਇਲਾਵਾ ਨਜਾਇਜ ਖੋਖੇ ਲਗਾਉਣ ਦੀ ਵੀ ਕੋਸ਼ਿਸ਼ ਕੀਤੀ ਜਾ ਰਹੀ ਹੈ ਇਸ ਤੋ ਇਲਾਵਾ ਸ਼ਹਿਰ ਦੀਆਂ ਮੁੱਖ ਸੜਕਾ ਤੇ ਘਰਾਂ ਦਾ ਮਲਬਾ ਸੁਟਿਆ ਜਾਂਦਾ ਹੈ ਅਤੇ ਕਈ ਦੁਕਾਨਦਾਰਾ ਵਲੋਂ ਦੁਕਾਨਾ ਦਾ ਕਚਰਾ ਵੀਂ ਸ਼ੜਕਾਂ ਤੇ ਖਲਾਰਿਆਂ ਜਾਂਦਾ ਹੈ ਜੋ ਕਿ ਬਹੁਤ ਹੀ ਬੁਰਾ ਲਗਦਾ ਹੈ । ਉਹਨਾ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਟ?ਰੈਫਿਕ ਪੁਲਿਸ ਅਧਿਕਾਰੀਆਂ ਨੂੰ ਖਾਸ ਤੋਰ ਤੇ ਬੁਲਾਇਆ ਗਿਆ ਸੀ ਅਤੇ ਮੀਟਿੰਗ ਦੌਰਾਨ ਅਸਟੇਟ ਅਫਸਰ ਨੂੰ ਹਦਾਇਤ ਕੀਤੀ ਗਈ ਹੈ ਕਿ ਟ?ਰੈਫਿਕ ਪੁਲਿਸ ਦੇ ਨਾਲ ਇਕ ਟੀਮ ਵਾਂਗ ਕੰਮ ਕਰਦੇ ਹੋਏ ਪਲਾਨ ਤਿਆਰ ਕੀਤਾ ਜਾਵੇ ਅਤੇ ਨਜਾਇਜ ਕਬਜਿਆਂ ਨੂੰ ਹਟਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ । ਸਿਹਤ ਅਧਿਕਾਰੀਆਂ ਅਤੇ ਸਿਵਲ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਮੁੱਖ ਸੜਕਾਂ ਤੇ ਮਲਬਾ ਅਤੇ ਕਚਰਾ ਸੁਟਣ ਵਾਲਿਆਂ ਦੇ ਚਲਾਨ ਕਟੇ ਜਾਣ ਅਤੇ ਸ਼ਹਿਰ ਵਾਸੀਆਂ ਨੂੰ ਇਸ ਪ੍ਰਤੀ ਵੱਧ ਤੋ ਵੱਧ ਜਾਗਰੂਕ ਕੀਤਾ ਜਾਵੇ ।

## ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੂੰ ਜੰਡਿਆਲਾ ਗੁਰੂ ਹਲਕੇ ਦਾ ਕਾਂਗਰਸ ਵੱਲੋਂ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ

### ਪੂਰੀ ਹਾਈ ਕਮਾਣ ਦਾ ਬਹੁਤ ਬਹੁਤ ਧੰਨਵਾਦ : ਰਾਣਾ ਗੰਡੀਵਿੰਡ

**ਝਬਾਲ,ਦਲਜੀਤ ਸਿੰਘ ਚੱਡਾ**



ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੇ ਕਾਂਗਰਸ ਹਾਈ ਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਤੇ ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੂੰ ਜੰਡਿਆਲਾ ਗੁਰੂ ਹਲਕੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਕਾਂਗਰਸ ਹਾਈ ਕਮਾਂਡ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਵਿਧਾਨ ਸਭਾ ਐਲ ਓ ਪੀ ਪ੍ਰਤਾਪ ਸਿੰਘ ਬਾਜਵਾ ਤੇ ਸੰਦੀਪ ਸੰਧੂ ਜੀ ਦਾ ਧੰਨਵਾਦ ਕੀਤਾ। ਤੇ ਕਿਹਾ ਕਿ ਜੋ ਉਹਨਾਂ ਨੂੰ ਜ਼ੁਮੇਵਾਰੀ ਪੀਪੀਸੀਸੀ ਵਲੋਂ ਸੌਂਪੀ ਗਈ ਹੈ ਉਸ ਨੂੰ ਤਨਦੇਹੀ ਤੇ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੰਡਿਆਲਾ ਗੁਰੂ ਹਲਕਾ ਜੋ ਐਸ ਸੀ ਹੈ ਉਥੇ ਹਲਕੇ ਵਿੱਚ ਕਾਂਗਰਸ ਪਾਰਟੀ ਨੂੰ ਮਜ਼ਬੂਤ ਕੀਤਾ ਜਾਵੇਗਾ। ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਇਹ ਸੀਟ ਕਾਂਗਰਸ ਦੀ ਝੋਲੀ ਪਾਉਣਗੇ। ਤੇ ਉਮੀਦਵਾਰ ਨੂੰ ਵਿਧਾਨ ਸਭਾ ਵਿੱਚ ਭੇਜਣਗੇ। ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਜੋ ਆਪ ਵੀ ਤਰਨ ਤਾਰਨ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਹਨ ਜਿਨ੍ਹਾਂ ਨੇ ਆਪਣੇ ਹਲਕੇ ਤਰਨ ਤਾਰਨ ਵਿੱਚ ਸੰਗਠਨ ਮਜਬੂਤ ਤਾਂ ਕਾਂਗਰਸ ਮਜਬੂਤ ਮੁਹਿੰਮ ਦੇ ਤਹਿਤ ਬਹੁਤ ਮਿਹਨਤ ਨਾਲ ਕਾਂਗਰਸ ਪਾਰਟੀ ਨੂੰ ਮਜ਼ਬੂਤ ਕੀਤਾ ਹੈ। ਚੈਅਰਮੈਨ ਰਣਜੀਤ ਸਿੰਘ ਰਾਣਾ ਗੰਡੀਵਿੰਡ ਨੇ ਕਿਹਾ ਕਿ ਜੇਕਰ ਕਾਂਗਰਸ ਹਾਈ ਕਮਾਂਡ ਨੇ ਉਨ੍ਹਾਂ ਉਪਰ ਭਰੋਸਾ ਜਤਾਇਆ ਤਾਂ ਉਹ ਇਹ ਸੀਟ ਵੀ ਜਿੱਤ ਕੇ ਕਾਂਗਰਸ ਦੀ ਝੋਲੀ ਪਾਉਣਗੇ।

## ਭਾਜਪਾ ਨੇਤਾ ਸੰਜੀਵ ਖੰਨਾ ਦੀ ਪਤਨੀ ਰੇਣੂ ਖੰਨਾ ਪੂਰੇ ਹਲਕਾ ਡੇਰਾਬੱਸੀ ਦੀ ਸੇਵਾ ਲਈ ਸਮਾਜ ਸੇਵਾ ਵਿੱਚ ਨਿੱਤਰੀ

### ਸਮਾਜ ਸੇਵਾ ਦੇ ਨਾਲ ਰਾਜਨੀਤੀ ਵਿੱਚ ਸਰਗਰਮ ਭਾਗੀਦਾਰੀ ਦਾ ਐਲਾਨ, ਔਰਤਾਂ ਵਿੱਚ ਵਧਿਆ ਉਤਸ਼ਾਹ

**ਜ਼ੀਰਕਪੁਰ/ਅਸ਼ੋਕ ਜੋਸ਼ੀ**

ਭਾਰਤੀ ਜਨਤਾ ਪਾਰਟੀ ਦੇ ਨੇਤਾ ਸੰਜੀਵ ਖੰਨਾ ਦੀ ਪਤਨੀ ਰੇਣੂ ਖੰਨਾ ਨੇ ਅੱਜ ਐਲਾਨ ਕੀਤਾ ਕਿ ਉਹ ਹਲਕਾ ਡੇਰਾਬੱਸੀ ਵਿੱਚ ਸਮਾਜ ਸੇਵਾ ਅਤੇ ਵਿਕਾਸ ਕਾਰਜਾਂ ਲਈ ਹਰ ਤਰ੍ਹਾਂ ਨਾਲ ਅਪਣਾ ਯੋਗਦਾਨ ਪਾਉਣਗੇ । ਰੇਣੂ ਖੰਨਾ ਦਾ ਇਹ ਐਲਾਨ ਨਾ ਸਿਰਫ ਭਾਜਪਾ ਲਈ, ਸਗੋਂ ਪੂਰੇ ਹਲਕੇ ਦੀ ਜਨਤਾ ਲਈ ਇੱਕ ਉੱਮੀਦ ਦੀ ਕਿਰਣ ਬਣ ਕੇ ਸਾਹਮਣੇ ਆਇਆ ਹੈ।

ਰੇਣੂ ਖੰਨਾ ਨੇ ਕਿਹਾ ਕਿ ਉਹ ਆਪਣੇ ਪਤੀ ਸੰਜੀਵ ਖੰਨਾ ਦੇ ਨਾਲ ਮਿਲ ਕੇ ਹੁਣ ਤੱਕ ਪਾਰਟੀ ਦੇ ਸਮਾਗਮਾਂ ਅਤੇ ਲੋਕ-ਕਲਿਆਣ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਪਹੁੰਚਾਉਣ ਵਿੱਚ ਸਹਿਯੋਗ ਕਰਦੇ ਰਹੇ ਹਨ । ਪਰ ਹੁਣ ਉਹ ਔਰਤਾਂ ਅਤੇ ਨੌਜਵਾਨ ਪੀੜ੍ਹੀ ਦੀ ਆਵਾਜ਼ ਬਣ ਕੇ ਇਲਾਕੇ ਦੀ ਤਰੱਕੀ ਲਈ ਅੱਗੇ ਆਉਣਗੇ । ਉਨ੍ਹਾਂ ਨੇ ਕਿਹਾ ਕਿ ਹਲਕਾ ਡੇਰਾਬੱਸੀ ਵਿੱਚ ਕਈ ਅਜਿਹੇ ਮੁੱਦੇ ਹਨ, ਜਿਨ੍ਹਾਂ 'ਤੇ ਧਿਆਨ ਦੇਣ ਦੀ ਲੋੜ ਹੈ ਜਿਨਾਂ ਵਿੱਚ ਔਰਤਾਂ ਦੀ ਸੁਰੱਖਿਆ, ਇਲਾਕੇ ਦੀ ਸਫਾਈ, ਸਿੱਖਿਆ, ਸਿਹਤ ਅਤੇ ਯੁਵਕਾਂ ਲਈ ਰੋਜ਼ਗਾਰ ਦੇ ਮੌਕੇ ਦਿਲਵਾਉਣਾ ਸ਼ਾਮਲ ਹਨ । ਰੇਣੂ ਖੰਨਾ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਉਹ ਰਾਜਨੀਤੀ ਨੂੰ ਸਿਰਫ਼ ਸੱਤਾ ਦਾ ਸਾਧਨ ਨਹੀਂ, ਸਗੋਂ ਸੇਵਾ ਦਾ ਮਾਧਿਅਮ ਮੰਨਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਰਾਜਨੀਤੀ ਵਿੱਚ ਸਰਗਰਮ ਭਾਗੀਦਾਰੀ ਦਾ ਅਸਲੀ ਮਕਸਦ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਅਤੇ ਉਨ੍ਹਾਂ ਨੂੰ ਇਕ ਬਿਹਤਰ ਜੀਵਨ ਦੇਣਾ ਹੈ।

ਰੇਣੂ ਖੰਨਾ ਦੇ ਇਸ ਐਲਾਨ ਨਾਲ ਹਲਕਾ ਡੇਰਾਬੱਸੀ ਦੀਆਂ ਔਰਤਾਂ ਵਿੱਚ ਨਵਾਂ ਜੋਸ਼ ਅਤੇ ਆਤਮ ਵਿਸ਼ਵਾਸ ਵੇਖਣ ਨੂੰ ਮਿਲ ਰਿਹਾ ਹੈ। ਕਈ ਸਥਾਨਕ ਔਰਤਾਂ ਦਾ ਕਹਿਣਾ ਹੈ ਕਿ ਰੇਣੂ ਖੰਨਾ ਵਰਗੀ ਜ਼ਮੀਨੀ ਪੱਧਰ ਦੀ ਮਹਿਲਾ ਆਗੂ ਦਾ ਅੱਗੇ ਆਉਣਾ ਉਨ੍ਹਾਂ ਲਈ ਪ੍ਰੇਰਨਾ ਦਾ ਸ੍ਰੋਤ ਬਣੇਗਾ। ਰੇਣੂ ਖੰਨਾ ਨੇ ਕਿਹਾ ਕਿ ਉਹ ਔਰਤਾਂ ਲਈ ਸਵੈਰੋਜ਼ਗਾਰ ਯੋਜਨਾਵਾਂ ਅਤੇ ਸਵੈ-ਸੁਰੱਖਿਆ ਸਿਖਲਾਈ ਕੈਂਪਾਂ ਦੀ ਵੀ ਯੋਜਨਾ ਬਣਾ ਰਹੇ ਹਨ।

ਰੇਣੂ ਖੰਨਾ ਲੰਮੇ ਸਮੇਂ ਤੋਂ ਸਮਾਜ ਸੇਵਾ ਨਾਲ ਜੁੜੀ ਹੋਏ ਹਨ । ਉਨ੍ਹਾਂ ਨੇ ਜ਼ੀਰਕਪੁਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਔਰਤਾਂ ਦੇ ਸਿਹਤ ਜਾਗਰੂਕਤਾ ਅਭਿਆਨ, ਗਰੀਬ ਬੱਚਿਆਂ ਲਈ ਸਿੱਖਿਆ ਸਮੱਗਰੀ ਵੰਡ ਅਤੇ ਸਫਾਈ ਅਭਿਆਨ ਵਰਗੇ ਕਈ ਕੰਮਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਹ ਅਕਸਰ ਆਪਣੇ ਪਤੀ ਸੰਜੀਵ ਖੰਨਾ ਦੇ ਨਾਲ ਜ਼ਮੀਨੀ ਪੱਧਰ 'ਤੇ ਲੋਕਾਂ ਦੀਆਂ ਸਮੱਸਿਆਵਾਂ ਸੁਣਦੇ ਆ ਰਹੇ ਹਨ।



ਆਪਣੇ ਵਿਜ਼ਨ ਬਾਰੇ ਗੱਲ ਕਰਦੇ ਹੋਏ ਰੇਣੂ ਖੰਨਾ ਨੇ ਕਿਹਾ ਕਿ ਹਲਕਾ ਡੇਰਾਬਸਸੀ ਦਾ ਹਰ ਨਾਗਰਿਕ ਸੁਰੱਖਿਅਤ, ਸਿੱਖਿਅਤ ਅਤੇ ਆਤਮਨਿਰਭਰ ਬਣੇ, ਇਹ ਉਹਨਾਂ ਦਾ ਸੁਪਨਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਸ਼?ਰੀ ਨਰੇਂਦਰ ਮੋਦੀ ਦੀਆਂ ਮਹਿਲਾ ਸਸ਼ਕਤੀਕਰਨ ਨੀਤੀਆਂ ਤੋਂ ਪ੍ਰੇਰਿਤ ਹੋ ਕੇ ਉਹ ਡੇਰਾਬੱਸੀ ਵਿੱਚ ਮਹਿਲਾ ਮੰਡਲਾਂ ਨੂੰ ਹੋਰ ਮਜ਼ਬੂਤ ਕਰਨਾ ਚਾਹੁੰਦੇ ਹਨ ।

ਰੇਣੂ ਖੰਨਾ ਦੇ ਐਲਾਨ ਤੋਂ ਬਾਅਦ ਭਾਜਪਾ ਵਰਕਰਾਂ ਵਿੱਚ ਵੀ ਖੁਸ਼ੀ ਦਾ ਮਾਹੌਲ ਹੈ। ਕਈ ਵਰਕਰਾਂ ਨੇ ਕਿਹਾ ਕਿ ਰੇਣੁ ਖੰਨਾ ਦਾ ਰਾਜਨੀਤੀ ਵਿੱਚ ਸਰਗਰਮ ਹੋਣਾ ਪਾਰਟੀ ਦੀ ਮਜ਼ਬੂਤੀ ਨੂੰ ਹੋਰ ਵਧਾਏਗਾ। ਹਲਕਾ ਡੇਰਾਬੱਸੀ ਦੇ ਕਈ ਵਾਰਡਾਂ ਦੇ ਵਰਕਰਾਂ ਨੇ ਕਿਹਾ ਕਿ ਰੇਣੁ ਖੰਨਾ ਵਰਗੀ ਮਹਿਲਾ ਆਗੂ ਦਾ ਸਾਥ ਮਿਲਣਾ ਉਹਨਾਂ ਲਈ ਖੁਸ਼ੀ ਦੀ ਗੱਲ ਹੈ। ਰੇਣੁ ਖੰਨਾ ਨੇ ਕਿਹਾ ਕਿ ਉਹ ਜਲਦੀ ਹੀ ਹਲਕਾ ਡੇਰਾਬੱਸੀ ਵਿੱਚ ਜਨ ਸੰਪਰਕ ਅਭਿਆਨ ਸ਼ੁਰੂ ਕਰਨਗੇ । ਉਹ ਆਪਣੇ ਸਾਥੀਆਂ ਨਾਲ ਮਿਲ ਕੇ ਹਰ ਪਿੰਡ ਅਤੇ ਵਾਰਡ ਵਿੱਚ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨਗੇ ਅਤੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰਨਗੇ । ਉਨ੍ਹਾਂ ਨੇ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਹੋ ਰਹੇ ਵਿਕਾਸ ਕਾਰਜਾਂ ਨੂੰ ਹਰ ਘਰ ਤੱਕ ਪਹੁੰਚਾਉਣਾ ਵੀ ਉਹਨਾਂ ਦੀ ਜ਼ਿੰਮੇਵਾਰੀ ਹੋਵੇਗੀ।

ਰੇਣੁ ਖੰਨਾ ਨੇ ਕਿਹਾ ਕਿ ਰਾਜਨੀਤੀ ਵਿੱਚ ਔਰਤਾਂ ਦੀ ਭਾਗੀਦਾਰੀ ਜ਼ਰੂਰੀ ਹੈ, ਤਾਂ ਜੋ ਸਮਾਜ ਦਾ ਹਰ ਵਰਗ ਤਰੱਕੀ ਕਰ ਸਕੇ। ਉਨ੍ਹਾਂ ਨੇ ਕਿਹਾ ਕਿ ਉਹ ਨਾ ਸਿਰਫ਼ ਔਰਤਾਂ, ਸਗੋਂ ਪੂਰੇ ਹਲਕੇ ਦੀ ਸੇਵਾ ਲਈ ਤਿਆਰ ਹਨ ਅਤੇ ਇਸ ਸਫ਼ਰ ਵਿੱਚ ਸਭ ਦਾ ਸਹਿਯੋਗ ਚਾਹੁੰਦੇ ਹਨ। ਰੇਣੁ ਖੰਨਾ ਦਾ ਇਹ ਐਲਾਨ ਹਲਕਾ ਡੇਰਾਬਸੀ ਦੇ ਵਿਕਾਸ ਅਤੇ ਰਾਜਨੀਤੀ ਵਿੱਚ ਨਵੀਂ ਸਫ਼ੂਰਤੀ ਦਾ ਸੰਕੇਤ ਹੈ। ਜਨਤਾ ਅਤੇ

## ਡਾ. ਰਾਜ ਕੁਮਾਰ ਚੱਬੇਵਾਲ ਨੇ ਲੁਧਿਆਣਾ ਵੈਸਟ ਦੇ ਜੇ ਬਲਾਕ ਮਾਰਕੀਟ ਵਿੱਚ ਕੀਤਾ ਘਰ-ਘਰ ਪ੍ਰਚਾਰ, ਚੇਤਨ ਸਿੰਘ ਜੌੜਾਮਾਜਰਾ ਵੀ ਰਹੇ ਨਾਲ



**ਹੁਸ਼ਿਆਰਪੁਰ/ ਤਰਸੇਮ ਦੀਵਾਨਾ**

ਹੁਸ਼ਿਆਰਪੁਰ ਤੋਂ ਮੈਂਬਰ ਪਾਰਲਿਮੈਂਟ ਡਾ. ਰਾਜ ਕੁਮਾਰ ਚੱਬੇਵਾਲ ਨੇ ਅੱਜ ਲੁਧਿਆਣਾ ਵੈਸਟ ਵਿਧਾਨ ਸਭਾ ਹਲਕੇ ਦੇ ਜੇ ਬਲਾਕ ਮਾਰਕੀਟ ਵਿੱਚ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਹੱਕ ਵਿੱਚ ਘਰ-ਘਰ ਜਾ ਕੇ ਚੋਣ ਪ੍ਰਚਾਰ ਕੀਤਾ। ਇਸ ਦੌਰਾਨ ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੀ ਉਨ੍ਹਾਂ ਦੇ ਨਾਲ ਹਾਜ਼ਰ ਰਹੇ। ਆਮ ਆਦਮੀ ਪਾਰਟੀ ਦੇ ਦੋਵੇਂ ਆਗੂਆਂ ਨੇ ਇਲਾਕੇ ਦੇ ਦੁਕਾਨਦਾਰਾਂ ਅਤੇ ਰਹਿਣ ਵਾਲਿਆਂ ਨਾਲ ਰਾਬਤਾ ਕਰਦੇ ਹੋਏ ਕੇਂਦਰ ਸਰਕਾਰ ਦੀਆਂ ਜਨਵਿਰੋਧੀ ਨੀਤੀਆਂ ਬਾਰੇ ਚਰਚਾ ਕੀਤੀ ਅਤੇ ਪੰਜਾਬ ਸਰਕਾਰ ਦੀਆਂ ਉਪਲਬਧੀਆਂ ਬਾਰੇ ਜਾਣੂ ਕਰਵਾਇਆ। ਡਾ. ਚੱਬੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਸਿੱਖਿਆ, ਸਿਹਤ ਅਤੇ ਰੋਜ਼ਗਾਰ ਦੇ ਖੇਤਰ ਵਿੱਚ ਇਤਿਹਾਸਿਕ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਰਾਜ ਵਿਚ ਵਿਕਾਸ ਦੀ ਗਤੀ ਤੇਜ਼ ਹੋਈ ਹੈ ਅਤੇ ਹਰ ਵਰਗ ਨੂੰ ਰਾਹਤ ਮਿਲ ਰਹੀ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਝੂਠੇ ਵਾਅਦਿਆਂ ਅਤੇ ਭਰਮ ਪੈਦਾ ਕਰਨ ਵਾਲਿਆਂ ਤੋਂ ਸਾਵਧਾਨ ਰਹਿਣ ਅਤੇ ਆਮ ਆਦਮੀ ਪਾਰਟੀ ਨੂੰ ਮਜ਼ਬੂਤ ਬਣਾਉਣ। ਉਨ੍ਹਾਂ ਕਿਹਾ ਕਿ ਪਾਰਟੀ ਦੀਆਂ ਨੀਤੀਆਂ ਜਨਤਕ ਹਿੱਤ ਵਿੱਚ ਹਨ ਅਤੇ ਇਸੇ ਭਰੋਸੇ ਨਾਲ ਉਹ ਲੋਕਾਂ ਵਿਚਕਾਰ ਜਾ ਰਹੇ ਹਨ। ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਵਿੱਚ ਵਰਕਰ ਅਤੇ ਸਮਰਥਕ ਵੀ ਮੌਜੂਦ ਸਨ। ਸਥਾਨਕ ਲੋਕਾਂ ਨੇ ਆਗੂਆਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਅਤੇ ਕਈ ਮੁੱਦਿਆਂ ਬਾਰੇ ਆਪਣੀਆਂ ਸਮੱਸਿਆਵਾਂ ਵੀ ਸਾਂਝੀਆਂ ਕੀਤੀਆਂ।

## ਮਨਿਸਟੀਰੀਅਲ ਪੈਨਸ਼ਨਰਾ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਸਰਕਾਰ ਨੂੰ ਮਹਿੰਗਾ ਪਵੇਗਾ -- ਨਿਰਮਲ ਸਿੰਘ ਆਨੰਦ

**ਸ੍ਰੀ ਅੰਮ੍ਰਿਤਸਰ ਸਾਹਿਬ /ਬਿਊਰੋ**

ਪੰਜਾਬ ਸਟੇਟ ਮਨਿਸਟੀਰੀਅਲ ਪੈਨਸ਼ਨਰਜ ਐਸੋਸੀਏਸ਼ਨ ਜ਼ਿਲ੍ਹਾ ਅੰਮ੍ਰਿਤਸਰ ਦੀ ਮਹੀਨਾਵਾਰ ਮੀਟਿੰਗ ਹੋਈ,ਜਿਸ ਨੂੰ ਨਿਰਮਲ ਸਿੰਘ ਆਨੰਦ ਪ੍ਰਧਾਨ, ਰਮੇਸ਼ ਗਿੱਲ ਜਰਨਲ ਸਕੱਤਰ, ਸੋਮ ਨਾਥ ਰੋਲੀਆ ਸੀਨੀਅਰ ਮੀਤ ਪ੍ਰਧਾਨ,ਬਲਵਿੰਦਰ ਕੁਮਾਰ ਜੈਂਤੀਪੁਰ ਚੇਅਰਮੈਨ, ਦੀਪ ਸਿੰਘ ਕਨੂੰਨੀ ਸਲਾਹਕਾਰ, ਹਰਭਿੰਦਰ ਸਿੰਘ ਭੁੱਲਰ, ਸੂਬਾ ਸਲਾਹਕਾਰ, ਵਰਿੰਦਰ ਕੁਮਾਰ ਰੋਡਵੇਜ਼ ਵਾਲੇ, ਰਮੇਸ਼ ਕਪੂਰ ਨਰਿੰਦਰ ਸਿੰਘ ਖਜ਼ਾਨਾ ਅਫਸਰ,ਯੋਗੇਸ਼ ਭਾਟੀਆ,ਮੁੱਖ ਜੱਥੇਬੰਦਕ ਸਕੱਤਰ,ਸ਼ਾਮ ਲਾਲ ਐਕਸਾਈਜ਼ ਵਿਭਾਗ,ਆਦਿ ਨੇ ਸੰਬੋਧਨ ਕੀਤਾ।ਮੀਟਿੰਗ ਦੌਰਾਨ ਨਿਰਮਲ ਸਿੰਘ ਆਨੰਦ ਪ੍ਰਧਾਨ ਨੇ ਕਿਹਾ ਕਿ ਐਸੋਸੀਏਸ਼ਨ ਵੱਲੋਂ ਵਫ਼ਦ




ਪਿਛਲੇ ਦਿਨੀਂ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਅਡੀਸਨਲ ਡਾਇਰੈਕਟਰ ਵਿੱਤ ਵਿਭਾਗ ਪੰਜਾਬ ਮੈਡਮ ਸਿਮਰਨਜੀਤ ਕੌਰ ਨੂੰ ਮਿਲਿਆ ਅਤੇ ਆਪਣੀਆਂ ਮੰਗਾਂ ਅਤੇ ਮੁਸ਼ਕਲਾਂ ਬਾਰੇ ਮੈਮੋਰੰਡਮ ਦਿੱਤਾ, ਉਪਰੰਤ ਮੈਡਮ ਨਾਲ ਡਿਸਕਸ਼ਨ ਕੀਤੀ ਤੇ ਕਿਹਾ ਕਿ ਲੀਵ ਇਨਕੈਸਮੈਂਟ ਅਤੇ ਛੇਵੇਂ ਪੇ ਕਮਿਸ਼ਨ ਦਾ ਏਰੀਅਰ ਦੀ ਯਕਮੁਸ਼ਤ ਅਦਾਇਗੀ ਤਰੁੰਤ ਮਨਿਸਟੀਰੀਅਲ ਪੈਨਸ਼ਨਰਜ ਨੂੰ ਕੀਤੀ ਜਾਣੀ ਚਾਹੀਦੀ ਹੈ। ਮੈਡਮ ਨੇ ਭਰੋਸਾ ਦਿੱਤਾ ਕਿ ਉਹ ਚੰਡੀਗੜ੍ਹ ਜਾ ਕੇ ਮੰਗਾਂ ਦਾ ਨਿਪਟਾਰਾ ਜਲਦੀ ਕਰਾਉਣਗੇ ਅਤੇ ਜ਼ਿਲ੍ਹਾ ਖ਼ਜ਼ਾਨਾ ਅਫਸਰ ਸ਼੍ਰੀਮਤੀ ਸੁਖਬੀਰ ਕੌਰ ਨੂੰ ਹਦਾਇਤ ਕੀਤੀ ਕਿ ਜਲਦੀ ਸਾਰੇ ਬੈਂਕਾਂ ਦੇ ਨਾਲ ਜਥੇਬੰਦੀ ਦੀ ਮੀਟਿੰਗ ਫਿਕਸ ਕੀਤੀ ਜਾਵੇ ਅਤੇ ਮਨਿਸਟੀਰੀਅਲ ਪੈਨਸ਼ਨਰਜ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਹੱਲ ਕਰਵਾਉਣ।ਰਮੇਸ਼ ਗਿੱਲ ਜਰਨਲ ਸਕੱਤਰ ਨੇ ਮੀਡੀਆ ਨੂੰ ਦੱਸਿਆ ਕਿ ਜੇਕਰ ਪੰਜਾਬ ਸਰਕਾਰ ਵੱਲੋਂ 14/6/25 ਤੋਂ ਪਹਿਲਾਂ ਪਹਿਲਾਂ ਉਨ੍ਹਾਂ ਦੀ ਵੱਡੀ ਮੰਗ 13% ਮਹਿੰਗਾਈ ਭੱਤਾ ਰਲੀਜ਼ ਨਾ ਕੀਤਾ ਤਾਂ ਉਨ੍ਹਾਂ ਦੀ ਜਥੇਬੰਦੀ 19/6/25 ਨੂੰ ਲੁਧਿਆਣਾ ਪੱਛਮੀ ਹਲਕੇ ਦੀ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਮਿਤੀ 14/6/25 ਨੂੰ ਲੁਧਿਆਣਾ ਵਿਖੇ ਰੋਸ ਮਾਰਚ ਕਰਕੇ ਸਰਕਾਰ ਦਾ ਸਖ਼ਤ ਵਿਰੋਧ ਕੀਤਾ ਜਾਵੇਗਾ।\

ਇਸ ਤੋਂ ਇਲਾਵਾ ਹੋਰ ਮੰਗਾਂ ਜਿਵੇਂ ਛੇਵੇਂ ਪੇ ਕਮਿਸ਼ਨ ਦੇ ਏਰੀਅਰ ਦੀ ਅਦਾਇਗੀ ਕਿਸ਼ਤਾਂ ਦੀ ਬਜਾਏ ਯਕਮੁਸ਼ਤ ਅਦਾਇਗੀ ਕੀਤੀ ਜਾਵੇ, 13% ਡੀ ਏ ਤਰੁੰਤ ਰਲੀਜ਼ ਕੀਤਾ ਜਾਵੇ, ਮੈਡੀਕਲ ਭੱਤਾ 3000/- ਰੁਪਏ ਮਹੀਨਾ ਦਿਤਾ ਜਾਵੇ, ਮੈਡੀਕਲ ਹੈਲਥ ਸਕੀਮ ਸੋਧ ਕੇ ਲਾਗੂ ਕੀਤੀ ਜਾਵੇ, ਫੈਮਿਲੀ ਪੈਨਸ਼ਨਰਾਂ ਨੂੰ ਏਰੀਅਰ ਦਾ ਭੁਗਤਾਨ ਤਰੁੰਤ ਕੀਤਾ ਜਾਵੇ ਆਦਿ ਮੰਗਾਂ ਪ੍ਰਵਾਨ ਕੀਤੀਆਂ ਜਾਣ।

ਉਪਰੋਕਤ ਲੀਡਰਸ਼ਿਪ ਤੋਂ ਇਲਾਵਾ ਹਰਜਿੰਦਰ ਸਿੰਘ,ਸਤਪਾਲ,ਅਸ਼ਵਨੀ ਕੁਮਾਰ,ਓਮ ਪ੍ਰਕਾਸ਼,ਦਲਜੀਤ ਸਿੰਘ ਬਾਬਾ ਬਕਾਲਾ, ਵਿਜੇ ਕੁਮਾਰ,ਵਰਿੰਦਰ ਕੁਮਾਰ, ਰਘਬੀਰ ਸਿੰਘ, ਮਹਿੰਦਰ ਸਿੰਘ ਬੇਦੀ, ਸੁਰਿੰਦਰ ਪਾਲ ਅਰੋੜਾ,ਵੀ,ਕੇ ਬਾਲੀ, ਹਰਵਿੰਦਰ ਸਿੰਘ ਜੋਸਨ,ਮੁਖਤਿਆਰ ਸਿੰਘ, ਕੁਲਦੀਪ ਸਿੰਘ ਆਫ਼?ਸ ਸਕਤੱਰ, ਗੁਲਜ਼ਾਰ ਸਿੰਘ,ਅਮੋਲਜੀਤ ਸਿੰਘ, ਬਲਬੀਰ ਸਿੰਘ ਕਾਕੂ, ਹਰਵਿੰਦਰ ਪਾਲ ਸਿੰਘ ਝਬਾਲ ਆਦਿ ਮੈਂਬਰ ਹਾਜ਼ਰ ਸਨ।

# ਜ਼ਿਲ੍ਹਾ ਸਿਹਤ ਵਿਭਾਗ ਵਲੋਂ ਲੋਕਾਂ ਨੂੰ ਲੂ ਤੋਂ ਬਚਾਅ ਲਈ ਸਾਵਧਾਨੀਆਂ ਵਰਤਣ ਦੀ ਅਪੀਲ

**ਮੋਹਾਲੀ / ਅਸ਼ੋਕ ਜੋਸ਼ੀ**

ਗਰਮ ਹਵਾਵਾਂ ਦੇ ਚਾਲੂ ਮੌਸਮ 'ਚ ਜ਼ਿਲ੍ਹਾ ਸਿਹਤ ਵਿਭਾਗ ਨੇ ਇਕ ਵਾਰ ਫਿਰ, ਲੋਕਾਂ ਨੂੰ ਲੂ ਤੋਂ ਬਚਣ ਦੀ ਸਲਾਹ ਦਿਤੀ ਹੈ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਸਿਆ ਕਿ ਜ਼ਿਲ੍ਹਾ ਸਿਹਤ ਵਿਭਾਗ ਨੇ ਗਰਮੀ ਅਤੇ ਲੂ ਦੇ ਮੌਸਮ ਵਿਚ ਸੰਭਾਵੀ ਸਿਹਤ ਖ਼ਤਰਿਆਂ ਨਾਲ ਨਜਿੱਠਣ ਲਈ ਢੁਕਵੇਂ ਪ੍ਰਬੰਧ ਪਹਿਲਾਂ ਹੀ ਕਰ ਲਏ ਸਨ ਤਾਂ ਕਿ ਪ੍ਰਭਾਵਤ ਲੋਕਾਂ ਲਈ ਤੁਰੰਤ ਡਾਕਟਰੀ ਸਹਾਇਤਾ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਕਿਹਾ ਕਿ ਅੱਜ ਕਲ੍ਹ ਲੂ ਚੱਲ ਰਹੀ ਹੈ ਅਤੇ ਮੌਸਮ ਵਿਭਾਗ ਨੇ ਆਉਣ ਵਾਲੇ ਦਿਨਾਂ ਵਿਚ ਵੀ ਲੂ ਚੱਲਣ ਦੀ ਭਵਿੱਖਬਾਣੀ ਕੀਤੀ ਹੈ, ਇਸ ਲਈ ਸਾਰਿਆਂ ਨੂੰ ਜ਼ਰੂਰੀ ਸਾਵਧਾਨੀਆਂ ਵਰਤਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰੀਰ ਦਾ ਤਾਪਮਾਨ ਸਹੀ ਰੱਖਣ ਲਈ ਤਰਲ ਪਦਾਰਥਾਂ ਦਾ ਸੇਵਨ ਬਹੁਤ ਜ਼ਰੂਰੀ ਹੈ। ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕੀਤਾ ਜਾਵੇ, ਜਿਨ੍ਹਾਂ 'ਚ ਸਾਦਾ ਪਾਣੀ, ਲੱਸੀ, ਨਿੰਬੂ ਪਾਣੀ, ਜੂਸ, ਨਾਰੀਅਲ ਦਾ ਪਾਣੀ, ਓ.ਆਰ.ਐਸ. ਦਾ ਘੋਲ ਆਦਿ ਸ਼ਾਮਲ ਹਨ। ਉਨ੍ਹਾਂ ਲੋਕਾਂ ਨੂੰ ਸਲਾਹ ਦਿਤੀ ਕਿ ਦੁਪਹਿਰ 12 ਵਜੇ ਤੋਂ 3 ਵਜੇ ਤਕ ਜਾਂ ਸਿਖਰ ਦੁਪਹਿਰੇ ਬਾਹਰ ਨਿਕਲਣ ਤੋਂ ਪ੍ਰਹੇਜ਼ ਕੀਤਾ ਜਾਵੇ ਕਿਉਂਕਿ ਇਸ ਸਮੇਂ ਦੌਰਾਨ ਸੂਰਜੀ ਤਪਸ਼ ਬਹੁਤ ਜ਼ਿਆਦਾ ਹੁੰਦੀ ਹੈ। ਇਸ ਤੋਂ ਇਲਾਵਾ, ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ।

ਡਾ. ਜੈਨ ਨੇ ਅੱਗੇ ਕਿਹਾ ਕਿ ਗਰਮੀ ਅਤੇ ਲੂ



ਦਾ ਅਸਰ ਨਵਜਨਮੇ ਬੱਚਿਆਂ, ਗਰਭਵਤੀ ਔਰਤਾਂ, ਖੁੱਲ੍ਹੇ ਆਸਮਾਨ ਹੇਠ ਕੰਮ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ, ਬੇਘਰੇ ਲੋਕਾਂ, ਸੜਕਾਂ-ਫ਼ੁੱਟਪਾਥ ਉਤੇ ਰਹਿਣ ਵਾਲੇ ਲੋਕਾਂ, ਮਾਨਸਿਕ ਜਾਂ ਸਰੀਰਕ ਬੀਮਾਰੀਆਂ ਤੋਂ ਪੀੜਤ ਲੋਕਾਂ ਖ਼ਾਸਕਰ ਦਿਲ ਦੀ ਬੀਮਾਰੀ ਅਤੇ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ, ਮੋਟਾਪੇ ਤੋਂ ਪੀੜਤ ਲੋਕਾਂ, ਖੁਲ੍ਹੇ ਵਿਚ ਸਖ਼ਤ ਕਸਰਤ ਕਰਨ ਵਾਲੇ ਖਿਡਾਰੀਆਂ ਆਦਿ 'ਤੇ ਜ਼ਿਆਦਾ ਹੋ ਸਕਦਾ ਹੈ। ਇਸ ਲਈ ਇਨ੍ਹਾਂ ਨੂੰ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਜੇ ਗਰਮੀ ਕਾਰਨ ਕੋਈ ਸਿਹਤ ਸਮੱਸਿਆ ਹੁੰਦੀ ਹੈ ਤਾਂ ਸਿਹਤ ਵਿਭਾਗ ਦੇ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਨੇੜਲੇ ਸਰਕਾਰੀ ਸਿਹਤ ਕੇਂਦਰ ਵਿਚ ਜਾ ਕੇ ਡਾਕਟਰ ਦੀ ਸਲਾਹ ਲਈ ਜਾ ਸਕਦੀ ਹੈ।

## ਇਹ ਨਾ ਕਰੋ

ਗਰਮੀ ਦੇ ਸਿਖਰ ਦੇ ਸਮੇਂ ਖਾਣਾ ਬਣਾਉਣ ਤੋਂ ਬਚੋ। ਰਸੋਈ ਦੇ ਖੇਤਰ ਨੂੰ ਹਵਾਦਾਰ ਰੱਖੋ। ਬੱਚਿਆਂ ਤੇ ਜਾਨਵਰਾਂ ਨੂੰ ਪਾਰਕ ਕੀਤੇ ਵਾਹਨ ਵਿਚ ਨਾ ਛੱਡੋ। ਤਿੱਖੀ ਧੁੱਪ ਵਿਚ ਨਾ ਜਾਉ। ਸ਼ਰਾਬ, ਚਾਹ, ਕੌਫ਼ੀ ਆਦਿ ਤੋਂ ਪਰਹੇਜ਼ ਕਰੋ। ਬਾਸੀ ਖਾਣਾ ਨਾ ਖਾਉ। ਜਿੰਨਾ ਹੋ ਸਕੇ, ਸਖ਼ਤ ਸਰੀਰਕ ਸਰਗਰਮੀ ਤੋਂ ਬਚੋ।

## ਗਰਮੀ ਤੋਂ ਬਚਾਅ ਲਈ ਇਹ ਕਰੋ

ਅਪਣੇ ਘਰ ਨੂੰ ਠੰਢਾ ਰੱਖੋ। ਦਿਨ ਵੇਲੇ ਤਾਕੀਆਂ ਅਤੇ ਦਰਵਾਜ਼ੇ ਬੰਦ ਰੱਖੋ। ਸਰੀਰ ਨੂੰ ਠੰਢਾ ਰੱਖੋ। ਹਲਕੇ ਰੰਗ ਦੇ ਕਪੜੇ ਪਾਉ। ਬਾਹਰ ਜਾਣ 'ਤੇ ਐਨਕ ਲਾਉ ਤੇ ਸਿਰ ਢੱਕ ਕੇ ਰੱਖੋ। ਜੇਕਰ ਬਾਹਰ ਹੋ ਤਾਂ ਬੈਠਣ ਲਈ ਠੰਢੀ ਥਾਂ ਲੱਭੋ ਜਿਵੇਂ ਰੁੱਖ ਜਾਂ ਹੋਰ ਛਾਂਦਾਰ ਥਾਂ। ਨੰਗੇ ਪੈਰ ਬਾਹਰ ਨਾ ਜਾਉ। ਹਰ ਅੱਧੇ ਘੰਟੇ ਬਾਅਦ ਪਾਣੀ ਪੀਉ। ਧੁੱਪ ਵਿਚ ਜਾਣ ਵੇਲੇ ਪਾਣੀ ਨਾਲ ਲੈ ਕੇ ਜਾਉ। ਤਲੇ, ਬਾਹਰਲੇ ਅਤੇ ਬਾਸੀ ਖਾਣੇ ਤੋਂ ਪ੍ਰਹੇਜ਼ ਕੀਤਾ ਜਾਵੇ।

# ਮਲਕੀਤ ਥਿੰਦ ਨੇ ਵਣ ਭਵਨ ਮੋਹਾਲੀ ਵਿਖੇ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

**ਮੋਹਾਲੀ /ਅਸ਼ੋਕ ਜੋਸ਼ੀ**

ਪੰਜਾਬ ਸਰਕਾਰ ਪੰਜਾਬ ਦੇ ਪਛੜੇ ਵਰਗਾ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਇਹ ਪ੍ਰਗਟਾਵਾ ਕੈਬਿਨਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕੀਤਾ ।

ਉਹ ਕਲ੍ਹ ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਮਲਕੀਤ ਥਿੰਦ ਦੇ ਵਣ ਭਵਨ ਮੋਹਾਲੀ ਵਿਖੇ ਚੇਅਰਮੈਨ ਦਾ ਅਹੁਦਾ ਸੰਭਾਲਣ ਮੌਕੇ ਪਹੁੰਚੇ ਸੀ।

ਉਨ੍ਹਾਂ ਕਿਹਾ ਕਿ ਪੱਛੜੇ ਵਰਗ ਦੇ ਲੋਕਾਂ ਦੇ ਰਹਿਣ ਲਈ ਮਕਾਨ, ਵਿਦਿਆਰਥੀਆਂ ਲਈ ਵਜ਼ੀਫਾ ਸਕੀਮ ਅਤੇ ਕਾਰੋਬਾਰ ਕਰਨ ਲਈ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਮੁਹਈਆ ਕਰਵਾਈ ਜਾ ਰਹੀ ਹੈ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਰਾਜ ਵਿੱਚ ਪੱਛੜੇ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਆਉਂਦੀਆਂ ਸਹੂਲਤਾਂ ਰੁਕੀਆਂ ਰਹੀਆਂ, ਜਿਨ੍ਹਾਂ ਨੂੰ ਸ. ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਮੁੜ ਬਹਾਲ ਕਰ ਕੇ ਉਹਨਾਂ ਦੇ ਉੱਜਲ ਭਵਿੱਖ ਦਾ ਰਸਤਾ ਖੋਲਿਆ।

ਉਹਨਾਂ ਕਿਹਾ ਕਿ ਪੰਜਾਬ ਰਾਜ ਪਛੜੀਆਂ



ਸ਼੍ਰੇਣੀਆਂ ਕਮਿਸ਼ਨ ਪੰਜਾਬ ਦੇ ਸਮੂਹ ਪੱਛੜੇ ਵਰਗਾਂ ਦੀ ਭਲਾਈ ਲਈ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਮਲਕੀਤ ਸਿੰਘ ਥਿੰਦ ਬਿਲਕੁਲ ਇਸ ਅਹੁਦੇ ਲਈ ਯੋਗ ਵਿਅਕਤੀ ਹਨ, ਜਿਨ੍ਹਾਂ ਨੇ ਲੰਬਾ ਸਮਾਂ ਆਮ ਲੋਕਾਂ ਵਿੱਚ ਰਹਿ ਕੇ ਉਨ੍ਹਾਂ ਦੀਆਂ ਦੁੱਖ ਤਕਲੀਫਾਂ ਦੂਰ ਕਰਨ ਲਈ ਕੰਮ ਕੀਤਾ ਹੋਇਆ ਹੈ।

ਇਸ ਮੌਕੇ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਮਲਕੀਤ ਸਿੰਘ ਥਿੰਦ ਨੇ ਜਿੱਥੇ ਸਰਕਾਰ ਵੱਲੋਂ ਉਨ੍ਹਾਂ ਨੂੰ ਸੌਂਪੀ ਗਈ ਜਿੰਮੇਵਾਰੀ ਲਈ ਸ਼ੁਕਰਾਨਾ ਪ੍ਰਗਟ ਕੀਤਾ, ਉਥੇ ਕਿਹਾ ਕਿ ਉਹ ਪੱਛੜੇ ਤੇ ਕਮਜ਼ੋਰ ਵਰਗਾਂ ਦੇ ਲੋਕਾਂ ਦੀ ਬਿਹਤਰੀ ਲਈ ਹੋਰ ਸਹੂਲਤਾਂ ਦੇਣ ਅਤੇ ਰਾਖਵੇਂਕਰਨ ਵਿੱਚ ਵਾਧਾ ਲਾਗੂ ਕਰਾਉਣ ਲਈ ਹਰ ਸੰਭਵ ਯਤਨ ਕਰਨਗੇ।

ਇਸ ਮੌਕੇ ਵਿਧਾਇਕ ਜਗਦੀਪ ਗੋਲਡੀ ਕੰਬੋਜ, ਸ਼ਮਿੰਦਰ ਸਿੰਘ ਖਿੰਡਾ ਚੇਅਰਮੈਨ ਪੰਜਾਬ ਐਗਰੋ, ਵਿਧਾਇਕ ਨਰਿੰਦਰ ਸਿੰਘ ਸਵਨਾ ਤੋਂ ਇਲਾਵਾ ਹੋਰ ਵੀ ਅਹਿਮ ਸਖਸ਼ੀਅਤਾਂ ਹਾਜ਼ਰ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਥਾਇਰਾਇਡ ਦਾ ਮੁਫਤ ਚੈੱਕਅੱਪ ਕੈਂਪ



**ਬੰਗਾ/ਜਗਦੀਸ਼ ਲਾਲ ਕਲਸੀ**

ਚੰਡੀਗੜ੍ਹ-ਨਵਾਂਸ਼ਹਿਰ-ਜਲੰਧਰ ਜੀ ਟੀ ਰੋਡ ਤੇ ਬੰਗਾ ਦੇ ਨਜ਼ਦੀਕ ਪਿਛਲੇ 41 ਸਾਲਾਂ ਤੋਂ ਲੋਕ ਸੇਵਾ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ?ਵਿਖੇ ਅੱਜ ਥਾਇਰਾਇਡ ਦੀ ਜਾਂਚ ਕਰਨ ਦਾ ਫਰੀ ਕੈਂਪ ਲਗਾਇਆ ਗਿਆ । ਇਸ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਲੋੜਵੰਦ ਮਰੀਜ਼ਾਂ ਦੀ ਮੈਡੀਕਲ ਮਦਦ ਕਰਨ ਲਈ ਹਸਪਤਾਲ ਦੇ ਮੈਡੀਕਲ ਮਾਹਿਰ ਡਾ. ਵਿਵੇਕ ਗੁੰਬਰ ਦੀ ਅਗਵਾਈ ਹੇਠ ਥਾਇਰਾਇਡ ਦੀ ਜਾਂਚ ਕਰਨ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ ਗਿਆ ਹੈ । ਡਾ. ਢਾਹਾਂ ਨੇ ਕਿਹਾ ਕਿ ਇਸ ਫਰੀ ਕੈਂਪ ਦਾ ਮੁੱਖ ਮਕਸਦ ਆਮ ਲੋਕਾਈ ਨੂੰ ਥਾਇਰਾਇਡ ਦੀ ਬਿਮਾਰੀ ਪ੍ਰਤੀ ਜਾਗਰੂਕ ਕਰਨਾ ਹੈ । ਇਸ ਮੌਕੇ ਜਾਣਕਾਰੀ ਦਿੰਦੇ ਡਾ. ਵਿਵੇਕ ਗੁੰਬਰ ਨੇ ਦੱਸਿਆ ਕਿ ਮੌਜੂਦਾ ਦੌਰ ਵਿਚ ਸਾਡੇ ਭੋਜਨ ਵਿਚ ਹੋ ਰਹੇ ਤੇਜ਼ੀ ਨਾਲ ਬਦਲਾਵਾਂ ਕਰਕੇ ਅਤੇ ਜ਼ੰਕ ਫੂਡ ਜਿਆਦਾ ਖਾਣ ਨਾਲ ਥਾਇਰਾਇਡ ਦੀ ਬਿਮਾਰੀ ਦੇ ਮਰੀਜ਼ਾਂ ਦੀ ਗਿਣਤੀ ਵੱਧ ਰਹੀ ਹੈ । ਉਹਨਾਂ ਨੇ ਕਿਹਾ ਸਰੀਰ ਵਿਚ ਘਬਰਾਹਟ ਅਤੇ ਚਿੰਤਾ, ਵਧੀ ਹੋਈ ਦਿਲ ਦੀ ਧੜਕਣ, ਬਹੁਤ ਜ਼ਿਆਦਾ ਪਸੀਨਾ ਆਉਣਾ, ਭਾਰ ਘੱਟਣਾ ਜਾਂ ਵੱਧਣਾ, ਕਮਜ਼ੋਰ ਨਹੁੰ ਤੇ ਪਤਲੇ ਵਾਲ, ਚਮੜੀ ਦਾ ਰੰਗ ਬਦਲਣਾ, ਹਾਈ ਬਲੱਡ ਪ੍ਰੈਸ਼ਰ ਆਦਿ ਲੱਛਣ ਹੋਣ ਤਾਂ ਥਾਇਰਾਇਡ ਦੀ ਬਿਮਾਰੀ ਹੋ ਸਕਦੀ ਹੈ । ਇਸ ਲਈ ਸਮੇਂ ਸਿਰ ਮਾਹਿਰ ਡਾਕਟਰ ਤੋਂ ਆਪਣਾ ਚੈੱਕਅੱਪ ਤੇ ਇਲਾਜ ਕਰਵਾਉਣਾ ਚਾਹੀਦਾ ਹੈ । ਇਸ ਮੌਕੇ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੁਫਤ ਟੈਸਟ ਕਰਵਾਉਣ ਵਾਲੇ ਮਰੀਜ਼ਾਂ ਨੇ ਹਸਤਪਾਲ ਪ੍ਰਬੰਧਕਾਂ ਦਾ ਫਰੀ ਕੈਂਪ ਲਗਾਉਣ ਲਈ ਧੰਨਵਾਦ ਕੀਤਾ। ਅੱਜ ਲੋੜਵੰਦ 105 ਮਰੀਜ਼ਾਂ ਨੇ ਆਪਣਾ ਥਾਇਰਾਇਡ ਦਾ ਟੈਸਟ ਕਰਵਾਇਆ । ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਬਲਵਿੰਦਰ ਸਿੰਘ ਡਿਪਟੀ ਮੈਡੀਕਲ ਸੁਪਰਡੈਂਟ, ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਦਵਿੰਦਰ ਕੌਰ ਨਰਸਿੰਗ ਸੁਪਰਡੈਂਟ, ਰਾਜ ਰਾਣੀ ਇੰਚਾਰਜ ਲੈਬ, ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਬੈਂਕ, ਵਿਕਾਸ ਸ਼ਰਮਾ ਥਾਈਰੋਕੇਅਰ, ਅਨੀਕੇਤ ਭਾਰਦਵਾਜ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ ਹਸਪਤਾਲ ਸਟਾਫ ਅਤੇ ਗੁਰੂ ਨਾਨਕ ? ਪੈਰਾ ਮੈਡੀਕਲ ਕਾਲਜ ਦੇ ਵਿਦਿਆਰਥੀ ਵੀ ਹਾਜ਼ਰ ਸਨ

# 4 ਜੁਲਾਈ ਨੂੰ ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ ਨਸ਼ਿਆਂ ਖਿਲਾਫ ਸੈਮੀਨਾਰ ਅਤੇ ਨਾਟਕ ਕਰਵਾਏ ਜਾਣਗੇ



**ਫਿਰੋਜ਼ਪੁਰ/ਮਨੋਹਰ ਲਾਲ**

ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਵੱਲੋਂ 4 ਜੁਲਾਈ ਨੂੰ ਭਾਈ ਮਰਦਾਨਾ ਹਾਲ ਨੇੜੇ ਸਿਵਲ ਹਸਪਤਾਲ ਵਿਖੇ ਨਸ਼ਿਆਂ ਦੇ ਖਿਲਾਫ ਸੈਮੀਨਾਰ ਅਤੇ ਨਾਟਕ ਕਰਵਾਏ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਮਰਦਾਨਾ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਅਸੀਂ ਜਰਨੈਲ ਸਿੰਘ ਗਾਬੜੀਆ ਅਤੇ ਉਨ੍ਹਾਂ ਦੀ ਸੋਸਾਇਟੀ ਦੇ ਸਹਿਯੋਗ ਨਾਲ ਚਾਰ ਜੁਲਾਈ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਵਿੱਚ ਨਸ਼ਾ ਛੜਾਊ ਕੇਂਦਰ ਸਿਵਲ ਹਸਪਤਾਲ ਅਤੇ ਹੋਰ ਐਨ.ਜੀ.ਓਜ ਦੀਆਂ ਸੇਵਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਇਹ ਸੈਮੀਨਾਰ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਕਰਵਾਇਆ ਜਾ ਰਿਹਾ ਹੈ ਅਤੇ ਇਸ ਸਮਾਗਮ ਦੌਰਾਨ ਇੱਕ—ਦੋ ਨਾਟਕ ਮੰਡਲੀਆਂ ਨੂੰ ਵੀ ਬੁਲਾਇਆ ਜਾਵੇਗਾ ਤਾਂ ਜ਼ੋ ਨਾਟਕਾਂ ਜਰੀਏ ਨੌਜਵਾਨੀ ਅਤੇ ਹਾਜ਼ਰੀਨ ਨੂੰ ਨਸਿ ?ਆਂ ਦੇ ਮਾੜੇ ਪ੍ਰਭਾਵ ਤੋਂ ਜਾਣੂ ਕਰਵਾ ਕੇ ਨਸਿ ?ਆਂ ਦੀ ਦਲਦਲ ਵਿਚੋਂ ਕੱਢਣ ਦੀ ਕੋਸਿ ?ਸ਼ ਕੀਤੀ ਜਾ ਸਕੇ। ਇਸ ਪ੍ਰੋਗਰਾਮ ਵਿੱਚ ਸ਼ਹਿਰ ਦੀਆਂ ਕੁਝ ਪ੍ਰਮੁੱਖ ਸ਼ਖਸੀਅਤਾਂ ਨੂੰ ਵੀ ਬੁਲਾਇਆ ਜਾਵੇਗਾ ਜੋ ਕਿ ਆਪਣੇ ਵਿਚਾਰਾਂ ਨਾਲ ਨੌਜਵਾਨਾਂ ਨੂੰ ਉਤਸ਼ਾਹ ਕਰਨਗੇ ਉਨ੍ਹਾਂ ਨੂੰ ਸੇਧ ਦੇਣਗੇ। ਉਨ੍ਹਾਂ ਦੱਸਿਆ ਕਿ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਵੱਲੋਂ ਇਸ ਪ੍ਰੋਗਰਾਮ ਦੇ ਇੰਚਾਰਜ ਬਲਜਿੰਦਰ ਸਿੰਘ ਬੱਬੂ ਹੁਸੈਨੀਵਾਲਾ, ਦਰਸ਼ਨ ਲਾਲ ਹੀਰਾ, ਹਰਜੀਤ ਸਿੰਘ ਧਾਲੀਵਾਲ ਹੋਣਗੇ।

# ਗੁਰਦੁਆਰਾ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਜੀ ਇੰਡੀਆਨਾ ਯੂਐਸਏ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਦਿਹਾੜੇ ਤੇ 84 ਦੇ ਸਮੂਹ ਸਹੀਦਾਂ ਦੀ ਯਾਦ ਚ ਗੁਰਮਤਿ ਸਮਾਗਮ ਕਰਵਾਇਆ ਗਿਆ ਜਥੇਦਾਰ ਜੱਸੀ

**ਜੰਡਿਆਲਾ ਗੁਰੂ /ਗੁਰਦੇਵ ਸਿੰਘ ਮਨਜੋਤਰਾਂ**

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਇੰਡੀਆਨਾ ਯੂਐਸਏ (ਇੰਚਾਰਜ ਬੁੱਢਾ ਦਲ ਯੂ.ਐਸ.ਏ) ਚਲਦਾ ਵਹੀਰ ਚੱਕਰਵਰਤੀ ਪੰਜਾਬ,ਭਾਰਤ, ਵਿਸ਼ਵ ਦੇ ਚੌਦਵੇਂ ਜਥੇਦਾਰ ਸ੍ਰੀ ਮਾਨ ਸਤਿਕਾਰਯੋਗ ਸ਼੍ਰੋਮਣੀ ਸੇਵਾ ਰਤਨ,ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96ਵੇਂ ਕਰੋੜੀ ਵੱਲੋਂ ਥਾਪੇ ਗਏ ਗੁਰਦੁਆਰਾ ਸ਼ਹੀਦ ਬਾਬਾ ਅਕਾਲੀ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਇੰਡੀਆਨਾ ਯੂਐਸਏ ਦੇ ਇੰਚਾਰਜ ਜਥੇਦਾਰ ਜਸਵਿੰਦਰ ਸਿੰਘ ਜੱਸੀ ਜੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਹੋਇਆ ਜਾਣਕਾਰੀ ਸਾਂਝੀ ਕੀਤੀ ਕਿ ਬੀਤੇ ਦਿਨ ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਇੰਡੀਆਨਾ ਯੂਐਸਏ ਵਿਖੇ ਸਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਅਤੇ 1984 ਦੇ ਸਮੂਹ ਸਿੰਘਾਂ ਸਿੰਘਣੀਆਂ ਦੁੱਧ ਚੁੰਘਦੇ ਬੱਚਿਆਂ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਗੁਰੂ ਘਰ ਦੇ ਕੀਰਤਨੀ ਜਥੇ ਵੱਲੋਂ ਧੁਰ ਕੀ ਬਾਣੀ ਇਲਾਹੀ




ਬਾਣੀ ਦੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਦੀਵਾਨਾਂ ਦੀ ਸਮਾਪਤੀ ਤੋਂ ਉਪਰੰਤ ਗ੍ਰੰਥੀ ਸਿੰਘ ਭਾਈ ਕਸ਼ਮੀਰ ਸਿੰਘ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ ਆਈਆਂ ਸੰਗਤਾਂ ਲਈ ਵੱਖ-ਵੱਖ ਪਦਾਰਥਾਂ ਦੇ ਲੰਗਰ ਲਗਾਏ ਗਏ ਇਸ ਮੌਕੇ ਤੇ ਸਮੂਹ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਪ੍ਰੀਵਾਰਾਂ ਸਮੇਤ ਹਾਜ਼ਰੀਆਂ ਭਰੀਆਂ ਗਈਆਂ ਇਸ ਮੌਕੇ ਤੇ ਵਿਸੇਸ ਤੌਰ ਤੇ ਚੀਫ ਗੈਸਟ ਰਾਜ ਪ੍ਰਤੀਨਿਧੀ ਕ੍ਰੇਗ ਹੈਗਾਰਡ ਕਮਿਊਨਿਟੀ ਲੀਡਰ ਸਿਡ ਮਹੰਤ ਵੱਲੋਂ ਗੁਰੂ ਸਾਹਿਬ ਜੀ ਦਾ ਅਸ਼ੀਰਵਾਦ ਲਿਆ ਅਤੇ ਲੀਡਰ ਸਿਡ ਮਹੰਤ ਨੂੰ ਜਥੇਦਾਰ ਜਸਵਿੰਦਰ ਸਿੰਘ ਜੱਸੀ ਵੱਲੋਂ ਗੁਰੂ ਸਾਹਿਬ ਜੀ ਦੀ ਬਖਸਿਸ ਸਿਰਪਾਓ ਅਤੇ ਯਾਦਗਾਰੀ ਚਿੰਨ੍ਹ ਸਤਿਕਾਰ ਵਜੋਂ ਦੇ ਕੇ ਨਿਵਾਜਿਆ ਗਿਆ ! ਆਖਿਰ ਵਿੱਚ ਜਥੇਦਾਰ ਜਸਵਿੰਦਰ ਸਿੰਘ ਜੱਸੀ ਵੱਲੋਂ ਗੁਰੂ ਸਾਹਿਬ ਜੀ ਦਾ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ!

# ਕੇਵਲ ਸ਼੍ਰੋਮਣੀ ਕਮੇਟੀ ਨਹੀਂ ਸਮੁੱਚੀ ਪੰਥ ਦੀ ਰਾਏ ਨਾਲ ਬਣੇਗਾ ਜਥੇਦਾਰਾਂ ਪ੍ਰਤੀ ਵਿਧੀ ਵਿਧਾਨ -ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ

▲ ਕਿਹਾ,ਮੁੱਖ ਮੰਤਰੀ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਦੇ ਮਾਣ ਮਰਯਾਦਾ ਅਤੇ ਰੁਤਬੇ ਦੇ ਖਿਲਾਫ ਕੀਤੀ ਗਈ ਟਿੱਪਣੀ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ

▲ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਚੁਣਦਾ ਹੈ ਤਾਂ ਵੱਡੀ ਖ਼ੁਸ਼ੀ ਵਾਲੀ ਗੱਲ ਹੋਵੇਗੀ

**ਅੰਮ੍ਰਿਤਸਰ /ਅਰਵਿੰਦਰ ਵੜੈਚ**

ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਪੰਜਾਬ ਵਿਚ ਇਕ ਅਜਿਹੀ ਸਰਕਾਰ ਅਤੇ ਰਾਜ ਪ੍ਰਬੰਧ ਹੋਵੇ ਜੋ ਪੰਜਾਬ ਦੇ ਸਮੁੱਚੇ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲ ਸਕੇ, ਸਭ ਦਾ ਮਾਣ ਸਨਮਾਨ ਕਰੇ, ਪੰਜਾਬ ਦੀ ਸ਼ਾਂਤੀ ਅਤੇ ਉੱਨਤੀ ਲਈ ਸੁਖਾਵਾਂ ਮਾਹੌਲ ਦੇਵੇ, ਪੰਜਾਬ ਦਾ ਭਵਿਖ ਰੋਸ਼ਨ ਕਰੇ ਅਤੇ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਸਮਰੱਥਾ ਰੱਖਦੀ ਹੋਵੇ। ਇਸ ਬਾਰੇ 2027 ਦੇ ਆਉਣ ਤੱਕ ਸਭਨਾਂ ਨਾਲ ਡੂੰਘੀ ਸੋਚ ਵਿਚਾਰ ਕਰਕੇ ਅਤੇ ਠੋਸ ਰੂਪ ਰੇਖਾ ਤਿਆਰ ਕਰਕੇ ਸੰਗਤ ਨੂੰ ਜਾਣੂ ਕਰਾਇਆ ਜਾਵੇਗਾ।

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜਥੇ ਦੇ ਸਿੰਘਾਂ ਨਾਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਆਏ ਸਨ, ਨੇ ਪੱਤਰਕਾਰਾਂ ਦੇ ਸਵਾਲਾਂ ਦਾ ਵਿਸਥਾਰ ਪੂਰਵਕ ਜਵਾਬ ਦਿੱਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ




ਮਾਣ ਮਰਯਾਦਾ ਅਤੇ ਰੁਤਬੇ ਦੇ ਖਿਲਾਫ ਕੀਤੀ ਗਈ ਟਿੱਪਣੀ ਦਾ ਸੰਗਤਾਂ ਨੇ ਬਹੁਤ ਬੁਰਾ ਮਨਾਇਆ ਹੈ। ਇਹ ਟਿੱਪਣੀ ਉਨ੍ਹਾਂ ਦੇ ਅਹੁਦੇ ਦੇ ਮੁਤਾਬਕ ਬਿਲਕੁਲ ਗੈਰ ਵਾਜਬ ਹੈ ਅਤੇ ਅਸੀਂ ਇਸ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਕਿਸੇ ਵਿਅਕਤੀ ਨਾਲ ਵਿਚਾਰਧਾਰਕ ਵਖਰੇਵੇਂ ਹੋ ਸਕਦੇ ਹਨ ਪਰ ਸ਼੍ਰੋਮਣੀ ਕਮੇਟੀ ਪੰਥ ਦੀ ਸਨਮਾਨਯੋਗ ਧਾਰਮਿਕ ਸੰਸਥਾ ਹੈ, ਜੋ 100 ਸਾਲ ਤੋਂ ਸੇਵਾ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਬਾਰੇ ਨਕਾਰਾਤਮਿਕ ਟਿੱਪਣੀ ਕਰਨ ਤੋਂ ਪਹਿਲਾਂ ਹਰੇਕ ਨੂੰ ਸੌ ਵਾਰ ਸੋਚਣਾ ਅਤੇ ਸਿਆਣਿਆਂ ਤੋਂ ਸਲਾਹ ਲੈਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਧਾਰਮਿਕ ਤੇ ਪ੍ਰਬੰਧਕੀ ਖੇਤਰ ਤੋਂ ਇਲਾਵਾ ਵਿੱਦਿਅਕ, ਮੈਡੀਕਲ ਅਤੇ ਕੁਦਰਤੀ ਆਫ਼ਤਾਂ 'ਤੇ ਲੋਕਾਂ ਦੀ ਬਿਨਾ ਭੇਦਭਾਵ ਸੇਵਾ ਕਰਦੀ ਆਈ ਹੈ।

ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਬੀਤੇ ਦਿਨ ਇਸ ਸੰਬੰਧੀ ਲੰਮੀ ਗੱਲਬਾਤ ਹੋਈ ਹੈ। ਸਿੰਘ ਸਾਹਿਬਾਨ ਦੀ ਨਿਯੁਕਤੀ ਜਾਂ ਸੇਵਾ ਮੁਕਤੀ ਦੇ ਨਿਯਮ ਅਤੇ ਵਿਧੀ ਵਿਧਾਨ ਬਣਾਉਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ, ਜਲਦੀ ਦੇ ਵਿੱਚ ਅਤੇ ਇਕੱਲੀ ਸ਼੍ਰੋਮਣੀ ਕਮੇਟੀ ਦੀ ਰਾਏ ਨਾਲ ਹੀ ਵਿਧੀ ਵਿਧਾਨ ਨਹੀਂ ਬਣਾਇਆ ਜਾ ਸਕਦਾ। ਇਹ ਦੁਨੀਆਂ ਭਰ ਦੇ ਸਿੱਖਾਂ, ਸਿੱਖ ਵਿਦਵਾਨਾਂ, ਸੰਤ ਮਹਾਂਪੁਰਸ਼ਾਂ, ਦਮਦਮੀ ਟਕਸਾਲ, ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਸੰਪਰਦਾਵਾਂ ਅਤੇ ਸੰਘਰਸ਼ਸ਼ੀਲ ਸਿੱਖ ਜਥੇਬੰਦੀਆਂ ਦੀ ਸਮੁੱਚੀ ਰਾਏ ਨਾਲ ਇਸ ਮਸਲੇ ਦਾ ਹੱਲ ਕੱਢਿਆ ਜਾ ਸਕਦਾ ਹੈ ਅਤੇ ਇਹ ਕਾਰਜ ਨੇਪਰੇ ਚਾੜ੍ਹਿ ਆ ਜਾ ਸਕਦਾ ਹੈ। ਅਸੀਂ ਪਹਿਲਾਂ ਹੀ ਜਥੇਦਾਰਾਂ ਪ੍ਰਤੀ ਵਿਧੀ ਵਿਧਾਨ ਦੀ ਮੰਗ ਕਰ ਚੁੱਕੇ ਹਾਂ। ਜੇਕਰ ਵਿਧੀ ਵਿਧਾਨ ਮੌਜੂਦ ਹੋਣਗੇ ਤਾਂ ਮਸਲੇ ਨਹੀਂ ਉੱਠਣਗੇ। ਇਸ ਲਈ ਪ੍ਰਧਾਨ ਸ. ਧਾਮੀ ਲੱਗੇ ਹੋਏ ਹਨ।

ਬੰਦੀ ਸਿੰਘ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਜਥੇਦਾਰ ਨਿਯੁਕਤ ਕਰਨ ਬਾਰੇ ਚੱਲ ਰਹੀ ਚਰਚਾ ਬਾਰੇ ਸਵਾਲ ਕੀਤੇ ਜਾਣ 'ਤੇ ਦਮਦਮੀ ਟਕਸਾਲ ਦੇ ਮੁਖੀ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਬਹੁਤ ਵੱਡੀ ਕੁਰਬਾਨੀ ਹੈ। ਸਮੁੱਚੀ ਕੌਮ ਵਿੱਚ ਉਹਨਾਂ ਦਾ ਬਹੁਤ ਮਾਣ ਸਤਿਕਾਰ ਹੈ। ਜੇਕਰ ਪੰਥ ਉਹਨਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਲਗਾਉਂਦਾ ਹੈ ਤਾਂ ਇਸ ਤੋਂ ਵੱਡੀ ਖ਼ੁਸ਼ੀ ਵਾਲੀ ਗੱਲ ਨਹੀਂ ਹੋ ਸਕਦੀ। ਉਹਨਾਂ ਅੱਗੇ ਕਿਹਾ ਕਿ ਜੇਲ੍ਹਾਂ ਵਿੱਚ ਬੈਠੇ ਬੰਦੀ ਸਿੰਘ ਭਾਈ ਜਗਤਾਰ ਸਿੰਘ ਹਵਾਰਾ ਦੀ ਵੀ ਵੱਡੀ ਕੁਰਬਾਨੀ ਹੈ। ਮੈਂ ਉਹਨਾਂ ਨੂੰ ਬਚਪਨ ਤੋਂ ਜਾਣਦਾ ਹਾਂ। ਛੋਟੀ ਉਮਰੇ ਹੀ ਉਹ ਸਿੱਖੀ ਨੂੰ ਪਰਨਾਏ ਹੋਏ ਹਨ। ਉਹਨਾਂ ਦੀ ਧਾਰਮਿਕ ਸੇਵਾਵਾਂ ਵਿੱਚ ਬਹੁਤ ਰੁਚੀ ਰਹੀ ਹੈ। ਉਹਨਾਂ ਬੰਦੀ ਸਿੰਘ ਪ੍ਰੋਫੈਸਰ ਦਵਿੰਦਰ ਪਾਲ ਸਿੰਘ ਭੁੱਲਰ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਇੱਕ ਸਿਦਕੀ ਸਿੱਖ ਹਨ। ਕੌਮ ਨਾਲ ਉਹਨਾਂ ਨੇ ਕੋਈ ਗਿਲਾ ਸ਼ਿਕਵਾ ਨਹੀਂ ਕੀਤਾ। ਇਹ ਦ੍ਰਿੜ੍ਹਤਾ ਅਤੇ ਜੇਰਾ ਕੇਵਲ ਕੌਮ ਦੇ ਯੋਧਿਆਂ 'ਚ ਹੀ ਹੋ ਦੇਖਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਭਾਈ ਗੁਰਦੀਪ ਸਿੰਘ ਖਹਿਰਾ ਤੇ ਹੋਰਨਾ ਸਿੰਘਾਂ ਦੀਆਂ ਵੀ ਬਹੁਤ ਵੱਡੀਆਂ ਕੁਰਬਾਨੀਆਂ ਹਨ। ਸਰਕਾਰ ਨੂੰ ਬੰਦੀ ਸਿੰਘਾਂ ਨੂੰ ਜਲਦ ਰਿਹਾ ਕਰਨਾ ਚਾਹੀਦਾ ਹੈ।

# ਸੁਪਨ ਉਡਾਰੀ ਚੈਨਲ ਵੱਲੋਂ ਉੱਘੇ ਲੇਖਕ ਸ਼੍ਰੀ ਮਾਰਕੰਡਾ ਦਾ ਰੁਬਰੂ ਪ੍ਰੋਗਰਾਮ ਕਰਵਾਇਆ

## ਉਨ੍ਹਾਂ ਦੀਆਂ ਕਵਿਤਾਵਾਂ ਦਾ ਗਾਇਨ ਕੀਤਾ ਗਜ਼ਲ ਗਾਇਕ ਹਰੀ ਕਿਸ਼ਨ ਸ਼ਰਮਾ ਨੇ

**ਬਠਿੰਡਾ /ਸੱਤਪਾਲ ਮਾਨ**

ਚੈਨਲ ਸੁਪਨ ਉਡਾਰੀ ਵੱਲੋਂ ਬੀਤੇ ਦਿਨ ÷ ਕਵਿਤਾਵਾਂ ਦਾ ਦਰਿਆ ÷ ਪ੍ਰੋਗਰਾਮ ਕਰਵਾਇਆ ਗਿਆ। ਜਿਸ ਤਹਿਤ ਪੰਜਾਬੀ ਸਾਹਿਤ ਦੇ ਪ੍ਰਮੁੱਖ ਹਸਤਾਖ਼ਰ ਕਵੀ ਤੇ ਲੇਖਕ ਸੀ.ਮਾਰਕੰਡਾ ਜੀ ਨੂੰ ਸਰੋਤਿਆਂ ਦੇ ਰੂਬਰੂ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿਚ ਪੰਜਾਬੀ ਸਾਹਿਤ ਜਾਗ੍ਰਿਤੀ ਸਭਾ ਦੇ ਪ੍ਰਧਾਨ ਅਮਰਜੀਤ ਸਿੰਘ ਜੀਤ , ਮਨਜੀਤ ਸਿੰਘ ਜੀਤ , ਪੰਜਾਬੀ ਦੇ ਨੌਜਵਾਨ ਸ਼ਾਇਰ ਇਕਬਾਲ ਪੀਟੀ ਤੇ ਰਮੇਸ਼ ਸੇਠੀ ਬਾਦਲ ਉਚੇਚੇ ਤੌਰ ਤੇ ਪਹੁੰਚੇ।

ਸਭ ਤੋਂ ਪਹਿਲਾਂ ਆਏ ਹੋਏ ਮਹਿਮਾਨਾਂ ਦਾ ਚੈਨਲ ਦੀ ਮੁੱਖ ਸਲਾਹਕਾਰ ਤੇ ਕਵਿੱਤਰੀ ਸੋਨੀ ਸੰਧੂ ਨੇ ਹਾਜਰੀਨ ਨੂੰ ਜੀਓ ਆਇਆ ਕਿਹਾ। ਐੱਲ. ਡੀ. ਅਕੈਡਮੀ ਦੇ ਵਿਹੜੇ ਵਿਚ ਇਹ ਲੱਗੀ ਰੌਣਕ ਇਸ ਲਈ ਵੀ ਖ਼ਾਸ ਸੀ ਕਿ ਇਸ ਪ੍ਰੋਗਰਾਮ ਵਿਚ ਬਹੁਤ ਹੀ ਪ੍ਰਬੁੱਧ ਵਿਅਕਤੀਆਂ ਨੂੰ ਸੱਦਾ ਦਿੱਤਾ ਗਿਆ ਸੀ। ਜਿੰਨ੍ਹਾਂ ਵਿੱਚ ਰਿਟਾਇਰਡ ਪ੍ਰਿੰਸੀਪਲ ਸ਼੍ਰੀ ਸੁਰਿੰਦਰ ਸ਼ਰਮਾ , ਰਿਟਾਇਰਡ ਪ੍ਰਿੰਸੀਪਲ ਡਾਕਟਰ ਭੀਮ ਸੈਨ ਸ਼ਰਮਾ , ਰਿਟਾ : ਨਿਗਰਾਨ ਇੰਜਨੀਅਰ ਦਲਬੀਰ ਸਿੰਘ ਧਾਲੀਵਾਲ , ਤਪਾ ਸਾਹਿਤ ਸਭਾ ਦੇ ਪ੍ਰਧਾਨ ਨਰੇਸ਼ ਗੁਪਤਾ , ਪ੍ਰਬੰਧਕ ਅਸ਼ੋਕ ਕੁਮਾਰ ਗਰਗ , ਪ੍ਰਿੰਸੀਪਲ ਸ਼ਾਰਧਾ ਚੌਪੜਾ ,



ਡਾਕਟਰ ਨੀਰੂ , ਸਮਾਜ ਸੇਵਿਕਾ ਗੀਤੂ ਸਵੇਰਾ , ਟੋਨੀ ਸ਼ਾਹ ਗੋਨਿਆਨਾ, ਅਮਨਦੀਪ ਸਿੰਘ ਸਿਵੀਆਂ , ਕਵੀ ਲੇਖਕ ਰਾਜਵਿੰਦਰ ਸ਼ਮੀਰ ਅਤੇ ਤੇਜੀ ਬਰਾੜ ਦੀ ਹਾਜਰੀ ਬਹੁਤ ਸਕੂਨ ਬਖਸ਼ਦੀ ਸੀ। ਪ੍ਰੋਗਰਾਮ ਵਿਚ ਸਭ ਤੋਂ ਵਧੀਆ ਗੱਲ ਇਹ ਸੀ ਕਿ ਸੀ.ਮਾਰਕੰਡਾ ਜੀ ਦੀਆਂ ਰਚਨਾਵਾਂ ਦਾ ਗਾਇਨ ਕਰਨ ਲਈ ਗ਼ਜ਼ਲ ਗਾਇਕ ਸ਼੍ਰੀ ਹਰੀ ਕ੍ਰਿਸ਼ਨ ਸ਼ਰਮਾ ਵਿਸ਼ੇਸ਼ ਰੂਪ ਵਿਚ ਆਏ ਹੋਏ ਸਨ। ਉਹਨਾਂ ਨਾਲ ਤਬਲੇ ਤੇ ਸੰਗਤ ਉਹਨਾਂ ਦੇ ਪੁੱਤਰ ਜਯੈਸ਼ ਯਸ਼ਨ ਕਰ ਰਹੇ ਸਨ। ਚੈਨਲ ਦੀ ਪ੍ਰਮੁੱਖ ਤੇ ਪ੍ਰਬੁੱਧ ਐਂਕਰ ਖੁਸ਼ਪ੍ਰੀਤ ਕੌਰ ਸ਼ੇਰਗਿੱਲ ਦੀ ਸੰਜੀਦਗੀ ਭਰੀਆਂ ਅੱਖ਼ਾਂ ਤੇ ਕੰਨਾਂ ਦਾ ਸੁਚੇਤ ਟਿਕਾਓ ਉਸ ਦੀ ਐਂਕਰਿੰਗ ਲਈ ਸੰਜੀਦਗੀ ਦੀ ਗਵਾਹੀ ਭਰ ਰਹੀਆਂ ਸਨ।

ਸੀ. ਮਾਰਕੰਡਾ ਜੀ ਨੇ ਜਦੋਂ ਆਪਣੇ ਸਾਹਿਤਕ ਸਫ਼ਰ ਦਾ ਬਿਰਤਾਂਤ ਸਿਰਜਿਆ ਤਾਂ ਸਰੋਤਿਆਂ ਨੇ ਬਹੁਤ ਗੰਭੀਰਤਾ ਨਾਲ ਉਹਨਾਂ ਨੂੰ ਸੁਣਿਆ।

ਕਹਿੰਦੇ ਜਿਹੜੀ ਚੀਜ਼ ਦਾ ਆਗਾਜ਼ ਖ਼ੂਬਸੂਰਤ ਹੋਵੇ ਉਸ ਦਾ ਅੰਜ਼ਾਮ ਵੀ ਬਹੁਤ ਖ਼ੂਬਸੂਰਤ ਹੁੰਦਾ ਹੈ। ਇਸ ਪ੍ਰੋਗਰਾਮ ਦੀ ਸ਼ੁਰੂਆਤ ਸੀ. ਮਾਰਕੰਡਾ ਜੀ ਦੇ ਦੋਹਤੇ ਮਨੀ ਅੰਮ੍ਰਿਤਸਰੀ ਨੇ ਕਲਾਸੀਕਲ ਗੀਤ ਸੁਣਾ ਕੇ ਕੀਤਾ।

ਸ਼੍ਰੀ ਹਰੀ ਕ੍ਰਿਸ਼ਨ ਸ਼ਰਮਾ ਦਾ ਗ਼ਜ਼ਲ ਗਾਇਨ ਪ੍ਰੋਗਰਾਮ ਦਾ ਪ੍ਰਤਿ ਸਿਖਰ ਸੀ। ਇਸ ਪ੍ਰੋਗਰਾਮ ਨੂੰ ਪੇਸ਼ ਕਰਨ ਦੀ ਜਿੰਮੇਵਾਰੀ ਜਸਪਾਲ ਜੱਸੀ ਨੇ ਬੜੇ ਦਿਲਚਸਪ ਅੰਦਾਜ਼ ਤੇ ਬਾਖ਼ੂਬੀ ਨਿਭਾਈ। ਪ੍ਰੋਗਰਾਮ ਦੇ ਅਖੀਰ ਵਿੱਚ ਸਾਰਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਆਪਣੀਆਂ ਅਮਿੱਟ ਤੇ ਖੁਸ਼ਬੋਦਾਰ ਮਹਿਕਾਂ ਛੱਡਦਾ ਹੋਇਆ ਨੇਪਰੇ ਚੜ੍ਹਿ ਆ , ਜੋ ਸਰੋਤਿਆਂ ਨੂੰ ਚਿਰਾਂ ਤੱਕ ਯਾਦ ਰਹੇਗਾ।

# ਦਲ ਖਾਲਸਾ ਦੇ ਨੌਜਵਾਨਾਂ ਵੱਲੋਂ ਅਦਿੱਤਿਆ ਸਿੰਘ ਦੇ ਜਨਮ ਦਿਨ ਤੇ ਲਗਾਇਆ ਗਿਆ ਛਾਂਦਾਰ ਪੌਦਿਆਂ ਦਾ ਲੰਗਰ

**ਹੁਸ਼ਿਆਰਪੁਰ/ਤਰਸੇਮ ਦੀਵਾਨਾ**

ਦਲ ਖਾਲਸਾ ਦੇ ਨੌਜਵਾਨਾਂ ਵੱਲੋਂ ਦਲ ਖਾਲਸਾ ਦੇ ਹੀ ਮਿਹਨਤੀ ਨਿਡਰ ਤੇ ਨਿਧੱੜਕ ਨੌਜਵਾਨ ਅਦਿੱਤਿਆ ਸਿੰਘ ਦੇ ਜਨਮ ਦਿਨ ਮੌਕੇ ਦਲ ਖਾਲਸਾ ਯੂਥ ਵਲੋਂ ਛਾਂ ਦਾਰ ਪੌਦਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਉਹਨਾਂ ਕਿਹਾ ਕਿ ਦਰਖਤ ਸਾਨੂੰ ਜੀਵਨ ਦਿੰਦੇ ਹਨ ਅਤੇ ਦਰਖਤਾਂ ਤੋਂ ਸਾਨੂੰ ਆਕਸੀਜਨ ਮਿਲਦੀ ਹੈ, ਜਿਹੜੀ ਕਿ ਹਰ ਇੱਕ ਦੇ ਜੀਵਨ ਦਾ ਆਧਾਰ ਹੈ। ਉਹਨਾਂ ਕਿਹਾ ਕਿ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸਾਨੂੰ ਵੱਧ ਤੋਂ ਵੱਧ ਦਰਖਤ ਲਗਾਉਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਦਰਖ਼ਤ ਸਾਨੂੰ ਬਹੁਤ ਸਾਰੀਆਂ ਨਿਆਮਤਾਂ ਬਖ਼ਸ਼ਦੇ ਹਨ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੋਂ ਬਾਅਦ ਚਿਖਾ ਜਲਾਉਣ ਤੱਕ ਵੀ ਦਰਖਤ ਹੀ ਸਹਾਈ ਹੁੰਦੇ ਹਨ। ਉਹਨਾਂ ਕਿਹਾ ਕਈ ਮਨੁੱਖ ਦਾ ਦਰਖਤਾਂ ਨਾਲ ਅਟੁੱਟ ਰਿਸ਼ਤਾ ਹੈ। ਇਸ ਲਈ ਸਾਰਿਆਂ ਨੂੰ ਵੱਧ ਚੜ ਕੇ ਰੁੱਖ ਲਗਾਉਣੇ ਚਾਹੀਦੇ ਹਨ ਤਾਂ ਜੋ ਧਰਤੀ ਤੇ ਜੀਵਨ ਨੂੰ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਧਰਤੀ ਉੱਪਰ ਵੱਧ ਰਹੀ ਤਪਸ਼ ਦਾ ਮੇਨ ਕਾਰਨ ਦਰੱਖਤਾਂ ਦੀ ਧੜਾਧੜ ਹੋ ਰਹੀ ਕਟਾਈ ਹੈ ਜਿਸ ਤਰ੍ਹਾਂ ਪਹਿਲਾਂ ਸੜਕਾਂ ਦੇ ਕੰਡਿਆ ਤੇ ਬਹੁਤ ਦਰਖਤ ਲੱਗੇ ਹੁੰਦੇ ਸਨ ਪਰ ਸਮੇਂ ਅਨੁਸਾਰ ਸੜਕਾਂ ਨੂੰ ਹਾਈਵੇ ਬਣਾਉਣ ਕਰਕੇ ਮਜ਼ਬੂਰਨ ਕਾਫੀ ਸਾਰੇ ਦਰਖਤਾਂ ਦੀ ਕਟਾਈ ਕਰਨੀ ਪਈ ਪਰ ਇਸਦੇ ਮੁਕਾਬਲੇ ਨਵੇਂ ਪੌਦੇ ਬਹੁਤ ਘੱਟ ਲੱਗ ਰਹੇ ਹਨ ਅਤੇ ਲਗਾਏ ਹੋਏ ਪੌਦਿਆਂ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਖਤਮ ਹੋਈ ਜਾਂਦੇ ਹਨ।

ਉਹਨਾਂ ਕਿਹਾ ਕਿ ਆਪਣੀ ਜ਼ਿੰਦਗੀ ਨੂੰ ਸਹੀ ਰਸਤੇ ਤੇ ਲਿਆਉਣ ਵਾਸਤੇ ਸਾਨੂੰ ਸਾਰਿਆਂ ਨੂੰ ਪੌਦੇ ਲਗਾਉਣੇ ਅਤੇ ਉਸ ਦੀ ਸਾਂਭ ਸੰਭਾਲ ਦਾ ਉਪਰਾਲਾ ਕਰਨਾ ਚਾਹੀਦਾ ਹੈ ਉਹਨਾ ਕਿਹਾ ਜਿਵੇਂ ਕਿ ਕਿਸੇ ਦਾ ਜਨਮਦਿਨ ਮਨਾਇਆ ਜਾ ਰਿਹਾ ਹੈ,ਜਾ ਵਿਆਹ ਦੀ ਵਰੇਗੰਢ ਮਨਾਈ ਜਾ ਰਹੀ ਹੈ ਤਾ ਘੱਟ ਤੋਂ ਘੱਟ ਉਸ ਦਿਨ ਨੂੰ ਸਮ ?ਰਪਿਤ ਹੋ ਕੇ ਪੌਦੇ ਲਾਉਣ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ ਉਹਨਾ ਕਿਹਾ ਕਿ ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਇਸ ਵੇਲੇ ਵੱਧ ਰਹੀ ਗਰਮੀ ਇੱਕ ਗੰਭੀਰ ਚਿੰਤਾ ਵਾਲਾ ਵਿਸ਼ਾ ਹੈ ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਲਗਾਏ ਗਏ ਰੁੱਖਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਮੌਕੇ ਹੋਰਨਾਂ ਤੋ ਇਲਾਵਾ ਤਜਿੰਦਰ ਸਿੰਘ ਪਾਬਲਾ, ਕਿਰਪਾਲ ਸਿਘ, ਅਦਿਤਿਆ, ਸਿੰਘ ਚੰਨ ਸ਼ੇਰਪੁਰ, ਡੋਗਰ ਹਾਜੀਪੁਰ, ਗਿੱਲ ਹੁਸ਼ਿਆਰਪੁਰ,ਅਤੇ ਅਨਮੋਲ ਆਦਿ ਹਾਜ਼ਰ ਸਨ !



# ਸਲੌਗਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ ਵਿਖੇ ਬੂਟੇ ਲਗਾਏ - ਸੀ.ਜੇ.ਐਮ-ਕਮ-ਸਕੱਤਰ ਡਾ.ਅਮਨਦੀਪ



**ਸ਼ਹੀਦ ਭਗਤ ਸਿੰਘ ਨਗਰ /ਜਗਦੀਸ਼ ਲਾਲ ਕਲਸੀ**

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ. ਐਸ. ਨਗਰ ਜੀਆਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਮਾਨਯੋਗ ਜਿਲ੍ਹਾ ਅਤੇ ਸੈਸਨ ਜੱਜ-ਕਮ-ਚੇਅਰਮੈਨ, ਸੀ.ਜੇ.ਐਮ-ਕਮ-ਸਕੱਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਮਿਸ ਪ੍ਰਿਆ ਸੂਦ ਜੀਆਂ ਦੇ ਦਿਸ਼ਾ ਨਿਰਦੇਸ਼ਾ ਤਹਿਤ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਡਾ ਅਮਨਦੀਪ ਜੀਆਂ ਵੱਲੋ ਰੁੱਖ ਲਗਾਉਣ ਦੀ ਮੁਹਿੰਮ ਅਤੇ "ਹਰ ਔਰ ਲੱਕੜਹਾਰੇ ਹੈ, ਫਿਰ ਭੀ ਪੇਡ ਕਹਾਂ ਹਾਰੇ ਹੈਂ"ਸਲੌਗਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ ਵਿਖੇ ਵੱਖ ਵੱਖ ਤਰਾਂ ਦੇ 35 ਬੂਟੇ ਲਗਾਏ ਗਏ ।

ਇਸ ਮੌਕੇ ਉਹਨਾਂ ਨੇ ਕਿਹਾ ਕਿ ਆਉਣ ਵਾਲੇ ਮਾਨਸੂਨ ਸੀਜ਼ਨ ਦੌਰਾਨ ਸਾਰੇ ਲੋਕਾਂ ਨੂੰ ਆਪਣੇ ਆਲੇ ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤਾ ਜੋ ਵਾਤਾਵਰਣ ਦੀ ਸੰਭਾਲ ਕੀਤੀ ਜਾ ਸਕੇ ਅਤੇ ਵਾਤਾਵਰਣ ਨੂੰ ਹਰਿਆ ਭਰਿਆ, ਪ੍ਰਦੂਸ਼ਨ ਮੁਕਤ ਬਣਾ ਸਕੀਏ । ਇਸ ਤੋਂ ਇਲਾਵਾ ਉਹਨ੍ਹਾਂ ਵੱਲੋ ਹਰ ਮਨੁੱਖ ਲਾਵੇ ਇਕ ਰੁੱਖ ਅਤੇ "ਹਰ ਔਰ ਲੱਕੜਹਾਰੇ ਹੈ, ਫਿਰ ਭੀ ਪੇਡ ਕਹਾਂ ਹਾਰੇ ਹੈਂ"ਦਾ ਸੁਨੇਹਾ ਦਿਤਾ । ਇਸ ਮੌਕੇ ਪੈਰਾ ਲੀਗਲ ਵਲੰਟੀਅਰ ਸ੍ਰੀ ਅਵਤਾਰ ਚੰਦ ਚੁੰਬਰ, ਰਵਜੋਤ ਸਿੰਘ ਚੁੰਬਰ, ਕੁਲਵੰਤ ਰਾਮ, ਮਿਸ ਜਸਵਿੰਦਰ ਕੌਰ ਰਾਣੀ ਅਤੇ ਹਰਮਨਦੀਪ ਸਿੰਘ ਸਰਪੰਚ, ਵਰਿੰਦਰ ਸਿੰਘ, ਗੁਰਦੀਪ ਸਿੰਘ, ਮਨਦੀਪ ਥਾਂਦੀ, ਸੰਤੋਖ ਸਿੰਘ, ਗੁਰਮੀਤ ਲਾਲ, ਨਿਰਮਲ ਸਿੰਘ, ਸਤਨਾਮ ਸਿੰਘ, ਸੁਨੀਤਾ, ਅਮਿਤ ਭੁੱਲਰ, ਅਵਤਾਰ ਸਿੰਘ ਪੰਚਾਇਤ ਮੈਬਰ , ਪਿੰਡ ਵਾਸੀ ਹਾਜ਼ਰ ਸਨ ।



# ਡਿਬਰੂਗੜ੍ਹ ਜੇਲ੍ਹ ਵਿੱਚ ਬੈਠੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੋਂ ਡਰੀਂ ਜਾਂਦੀਆਂ ਨੇ ਸਾਰੀ ਪਾਰਟੀਆਂ ਜਦੋਂ ਰਿਹਾ ਹੋਕੇ ਪੰਜਾਬ ਆ ਗਿਆ ਫੇਰ ਕੀ ਬਣੂ ਇਹਨਾਂ ਦਾ, ਭਾਈ ਅਤਲਾ

**ਮਾਨਸਾ**

ਸ਼ਹੀਦ ਬਾਬਾ ਦੀਪ ਸਿੰਘ ਸੇਵਾ ਦਲ ਦੇ ਮੁੱਖ ਸੇਵਾਦਾਰ ਭਾਈ ਸੁਖਚੈਨ ਸਿੰਘ ਅਤਲਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਿਵੇਂ BJPO ਦੇ ਪੰਜਾਬ ਪ੍ਰਧਾਨ ਸੁਨੀਲ ਜਾਖੜ ਵਲੋਂ ਮਰਹੂਮ ਸੁਖਦੇਵ ਸਿੰਘ ਢੀਡਸਾ ਦੇ ਭੋਗ ਤੇ ਬਿਨਾਂ ਨਾਮ ਲਏ "ਭਾਈ ਅੰਮ੍ਰਿਤਪਾਲ ਸਿੰਘ" ਦੇ ਸੰਦਰਭ 'ਚ ਇਹ ਕਹਿਣਾ ਕਿ ."ਕੌਮ ਤੇ ਪੰਜਾਬ ਦਾ ਇੰਤਕਾਲ ਕੋਈ ਹੋਰ ਅਪਣੇ ਨਾਮ ਚੜਾਜੇ,. ਇਹਤੋਂ ਪਹਿਲਾਂ ਪਹਿਲਾਂ "ਅਕਾਲੀ ਦਲ" ਨੂੰ ਇਕੱਠੇ ਹੋ ਜਾਣਾ ਚਾਹੀਦਾ" ਨਹੀਂ ਤੇ ਫਿਰ ਆਪਣੇ ਸਭ ਦੇ ਪੱਲੇ ਬਸ ਪਛਤਾਵਾ ਹੀ ਰਹਿ ਜਾਣਾ"



...ਇਹ ਬਿਆਨ ਹੀ ਆਪਣੇ ਆਪ ਚ ਸ਼ਪੱਸ਼ਟ ਕਰਦੈ ਕਿ ਡਿਬਰੂਗੜ ਬੈਠੇ ਉਸ ਸ਼ਖ਼ਸ ਦਾ ਪੰਜਾਬ ਦੀ ਹਰ ਰਾਜਨੀਤਕ ਪਾਰਟੀ ਦੇ ਮਨ ਅੰਦਰ ਕਿਸ ਹੱਦ ਤੱਕ ਖੌਫ ਪਸਰਿਆ ਪਿਆ, ਉਸਦੇ ਖੌਫ਼ ਦਾ ਪਰਛਾਵਾਂ ਕੇਵਲ ਕੱਲੀਆਂ ਰਾਜਨੀਤਕ ਧਿਰਾਂ ਤੱਕ ਹੀ ਸੀਮਤ ਨਹੀ, ਰਾਜਨੀਤਕਾਂ ਤੋਂ ਲੈ ਕੇ ਆਪਣੇ ਆਪ ਨੂੰ ਪੰਥਕ ਅਖਵਾਉਣ ਆਲੀਆ ਸਭ ਧਿਰਾਂ ਦਾ ਪੰਜਾਬ ਅੰਦਰ ਕਿਤੇ ਕੋਈ ਸਮਾਗਮ ਹੋਵੇ, ਇਕੱਤਰਤਾ ਹੋਵੇ, ਕਿਸੇ ਜਥੇਬੰਦੀਆਂ ਦੀ ਮੀਟਿੰਗ, ਕਾਨਫਰੰਸ ਹੋਵੇ, ਇੱਥੋਂ ਤੱਕ ਕਿਸੇ ਦਾ ਭੋਗ ਸਮਾਗਮ ਹੀ ਕਿਉ ਨਾ ਹੋਵੇ,ਸਭ ਦਾ ਨਿਸ਼ਾਨਾ ਭਾਈ ਅੰਮ੍ਰਿਤਪਾਲ ਸਿੰਘ ਹੀ ਹੁੰਦਾ ਹੈ ਯਕੀਨ ਮੰਨਿਓ! ਮੈਂ ਅਪਦੀ ਹੁਣ ਤੱਕ ਦੀ ਉਮਰ 'ਚ ਕਿਸੇ ਵੱਡੇ ਤੋਂ ਵੱਡੇ ਨਾਮੀ ਗ੍ਰਾਮੀ ਪ੍ਰਸਿੱਧ ਬੰਦੇ ਦੀ ਨਾ ਤਾਂ ਐਡੀ ਜਬਰਦਸਤ ਚਰਚਾ ਹੁੰਦੀ ਦੇਖੀ ਐ, ਤੇ ਨਾ ਹੀ ਵਿਰੋਧੀਆਂ 'ਚ ਕਿਸੇ ਬੰਦੇ ਦਾ ਐਡਾ ਖੌਫ ਦੇਖਿਆ, ਜਿੱਡਾ ਭਾਈ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਓਹਦੇ ਵਿਰੋਧੀਆਂ ਅੰਦਰ ਖੌਫ਼ ਐ, ਇਹ ਡਰ ਹੀ ਉਸਦੇ ਦਿਨੋ ਦਿਨ ਵਧ ਰਹੇ ਕੱਦ ਦੀ ਤਸਦੀਕ ਕਰਦੈ"ਇਸ ਲਈ ਸਿੱਖ ਨੌਜਵਾਨਾਂ ਨੂੰ ਵੱਧ ਤੋਂ ਵੱਧ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਅਤੇ ਵਾਰਿਸ ਪੰਜਾਬ ਜੱਥੇਬੰਦੀ ਨਾਲ ਜੁੜਨ ਦੀ ਅਪੀਲ ਕੀਤੀ ਤਾਂ ਜ਼ੋ 2027 ਵਿੱਚ ਸਰਕਾਰ ਏਂ ਖਾਲਸਾ ਬਣਾਈਂ ਜਾਂ ਸਕੇ।

# ਗਰਮੀ ਦੇ ਪ੍ਰਕੋਪ ਨੂੰ ਦੇਖਦਿਆਂ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਨੇ ਲਗਾਈ ਛਬੀਲ

**ਫਿਰੋਜ਼ਪੁਰ/ਮਨੋਹਰ ਲਾਲ**

ਗਰਮੀ ਦੇ ਪ੍ਰਕੋਪ ਨੂੰ ਦੇਖਦਿਆਂ ਰਾਹਗੀਰਾਂ ਨੂੰ ਰਾਹਤ ਦੇਣ ਦੀ ਸੋਚ ਨਾਲ ਸਟਰੀਮ ਲਾਈਨ ਵੈਲਫੇਅਰ ਸੁਸਾਇਟੀ ਫਿ ?ਰੋਜ਼ਪੁਰ ਵੱਲੋਂ ਛਬੀਲ ਲਗਾ ਕੇ ਰਾਹਗੀਰਾਂ ਦੀ ਕੀਤੀ ਸੇਵਾ। ਬਹੁਤ ਜਿਆਦਾ ਗਰਮੀ ਹੋਣ ਕਾਰਨ ਡਾਕਟਰ ਦੀਵਾਨ ਚੰਦ ਸੁਖੀਜਾ ਚੇਅਰਮੈਨ, ਕਿਸ਼ਨ ਚੰਦ ਜਾਗੋਵਾਲੀਆ ਅਤੇ ਵਾਈਸ ਪ੍ਰਧਾਨ ਰਮੇਸ਼ ਬਜਾਜ ਦੀ ਅਗਵਾਈ ਹੇਠ ਬੜੀ ਸ਼ਰਧਾ ਨਾਲ ਠੰਡੇ ਪਾਣੀ, ਜੂਸ, ਦੁੱਧ ਆਦਿ ਦੀ ਛਬੀਲ ਲਗਾ ਕੇ 1500 ਦੇ ਕਰੀਬ ਲੋਕਾਂ ਦੀ ਸੇਵਾ ਕੀਤੀ। ਇਸ ਸਮੇਂ ਰਾਮ ਕਿਸ਼ੋਰ ਕੋਆਰਡੀਨੇਟਰ ਨੇ ਵੱਧ ਚੜ ਕੇ ਸੇਵਾ ਕੀਤੀ ਅਤੇ ਜਤਿੰਦਰ ਨਰੂਲਾ, ਮਿਸਟਰ ਅਗਰਵਾਲ ਅਤੇ ਹੋਰ ਬਹੁਤ ਸਾਰੇ ਮੈਂਬਰ ਹਾਜ਼ਰ ਸਨ। ਸੁਸਾਇਟੀ ਆਗੂਆਂ ਨੇ ਦੱਸਿਆ ਕਿ ਸਭਾ ਵੱਲੋਂ ਭਵਿੱਖ ਵਿਚ ਵੀ ਲੋਕ ਹਿੱਤ ਵਿਚ ਅਜਿਹੇ ਕਾਰਜ ਕੀਤੇ ਜਾਣਗੇ।





**ਅੰਮ੍ਰਿਤਸਰ**

ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਪੰਜਾਬ ਪ੍ਰਧਾਨ ਸ਼੍ਰੀ ਅਨੁਜ ਖੇਮਕਾ ਪਰਿਵਾਰ ਸਮੇਤ ਅੱਜ ਬਾਬਾ ਸੋਡਲ ਜੀ ਦੇ ਮੰਦਰ ਜਾਲੰਧਰ ਵਿੱਚ ਨਤਮਸਤਕ ਹੋਏ ਅਤੇ ਬਾਬਾ ਜੀ ਦਾ ਆਸ਼ੀਰਵਾਦ ਲਿਆ। ਮੰਦਰ ਦੇ ਮੁੱਖ ਪੁਜਾਰੀ ਪੁਜਾਰੀ ਨੇ ਸਿਰੋਪਾ ਪਾ ਕੇ ਉਹਨਾਂ ਦਾ ਸਵਾਗਤ ਕੀਤਾ। ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮਪਤਨੀ ਮੀਨਾਕਸ਼ੀ ਖੇਮਕਾ ਭੈਣ ਸ਼ਿਖਾ ਖੇਮਕਾ ਮਾਤਾ ਇੰਦੂ ਖੇਮਕਾ ਸਿਧਾਤ ਅਗਰਵਾਲ ਵੀ ਮੰਦਰ ਵਿੱਚ ਨਤਮਸਤਕ ਹੋਏ।

# ਬੀਡੀਪੀਓ ਦ.ਫਤਰ ਦੋਰਾਹਾ 'ਚ ਪੰਚਾਇਤ ਰਾਜ ਸੰਸਥਾਵਾਂ ਨਾਲ ਸੰਬੰਧਿਤ ਤਿੰਨ ਰੋਜਾ ਟਰੇਨਿੰਗ ਕੈਂਪ



**ਦੋਰਾਹਾ, ਲਾਲ ਸਿੰਘ ਮਾਂਗਟ**

ਪ੍ਰਦੇਸਿਕ ਦਿਹਾਤੀ ਵਿਕਾਸ ਸੰਸਥਾ ਦੇ ਮਾਨਯੋਗ ਡਾਇਰੈਕਟਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੋਰਾਹਾ ਬਲਾਕ ਦੇ ਮਾਨਯੋਗ ਬੀਡੀਪੀਓ ਮੈਡਮ ਜੀ ਦੀ ਅਗਵਾਈ ਵਿੱਚ ਪੰਚਾਇਤ ਰਾਜ ਸੰਸਥਾਵਾਂ ਦੇ ਅਧਿਕਾਰੀਆ ਅਤੇ ਕਰਮਚਾਰੀਆਂ, ਸਰਪੰਚ, ਪੰਚ ਸਾਹਿਬਾਨ ਲਈ ਤਿੰਨ ਰੋਜਾ ਟਰੇਨਿੰਗ ਪ੍ਰੋਗਰਾਮ, ਸਮਰੱਥਾ ਨਿਰਮਾਣ ਪ੍ਰੋਗਰਾਮ ਤਹਿਤ ਗ੍ਰਾਮ ਪੰਚਾਇਤਾ ਦਾ ਸੈਮੀਨਾਰ ਕਰਵਾਇਆ ਗਿਆ। ਇਸ ਸਿਖਲਾਈ ਕੈਂਪ ਵਿੱਚ SIRD ਦੇ ਮਾਸਟਰ ਰਿਸੋਰਸ ਪਰਸਨ ਮੈਡਮ ਨਵਰੀਤ ਕੌਰ, ਮੈਡਮ ਚਰਨਜੀਤ ਕੌਰ ਵਲੋ ਪ੍ਰਦੇਸ਼ਿਕ ਦਿਹਾਤੀ ਵਿਕਾਸ ਸੰਸਥਾ ਦੇ ਵਲੋਂ ਤਿੰਨ ਰੋਜ਼ਾ ਸੈਮੀਨਾਰ ਦੇ ਸ਼ਡਿਊਲ ਮੁਤਾਬਕ ਗ੍ਰਾਮ ਸਭਾ, ਗ੍ਰਾਮ ਪੰਚਾਇਤ ਦੇ ਕੰਮ ਸ਼ਕਤੀਆ, ਅਧਿਕਾਰ, ਕਰਤੱਵ,9, ਥੀਮ, ਜੀਪੀਡੀਪੀ ਬਾਰੇ ਵਿਸਥਾਰ ਨਾਲ ਜਾਂਣਕਾਰੀ ਦਿੱਤੀ ਗਈ। ਮਾਨਯੋਗ ਡਾਇਰੈਕਟਰ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਦੋਰਾਹਾ ਬਲਾਕ ਦੇ ਮਾਨਯੋਗ ਬੀਡੀਪੀਓ ਮੈਡਮ ਜੀ ਦੀ ਅਗਵਾਈ ਵਿੱਚ ਪੰਚਾਇਤ ਰਾਜ ਅਤੇ ਮਹਿਲਾ ਸਭਾ ਬਾਰੇ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ, ਸ਼ੈਲਫ਼ ਹੈਲਪ ਗਰੁੱਪ ਵਲੋਂ ਅਤੇ ਸਿਹਤ ਵਿਭਾਗ, ਏਪੀਆਰਓ ਮੈਡਮ ਸੋਨੀਆ ਵੈਦ ਵੱਲੋਂ ਮਗਨਰੇਗਾ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਬੀਡੀਪੀਓ ਮੈਡਮ ਦੋਰਾਹਾ ਨੇ ਕਿਹਾ ਕਿ ਤਿੰਨ ਰੋਜਾ ਸੈਮੀਨਾਰ ਗ੍ਰਾਮ ਪੰਚਾਇਤ ਲਈ ਬਹੁਤ ਲਾਹੇਵੰਦ ਸਾਬਤ ਹੋਇਆ, ਕਿਉਕਿ ਨਵੇਂ ਚੁਣੇ ਗ੍ਰਾਮ ਪੰਚਾਇਤ ਮੈਂਬਰਾਂ ਅਤੇ ਕਰਮਚਾਰੀਆ ਲਈ ਦੇ ਗਿਆਨ ਵਿੱਚ ਵਾਧਾ ਕਰੇਗਾ। ਇਸ ਮੌਕੇ ਵੱਖ ਵੱਖ ਗ੍ਰਾਮ ਪੰਚਾਇਤ ਦੇ ਮੈਂਬਰ ਅਤੇ ਦਫ਼ਤਰੀ ਅਮਲਾ ਸ਼ਾਮਿਲ ਸੀ।

# ਹੇਮਕੁੰਟ ਸਕੂਲ ਵਿਖੇ 10 ਦਿਨਾਂ ਸਮਰ ਕੈਂਪ ਸਫਲਤਾ ਪੂਰਵਕ ਸਪੰਨ

**ਜ਼ੀਰਾ / ਅੰਗਰੇਜ਼ ਬਰਾੜ**

ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸ੍ਰੀ ਹੇਮਕੁੰਟ ਸੀਨੀ ਸੈਕੰ ਸਕੂਲ ਕੋਟ-ਈਸੇ-ਖਾਂ ਜਿਹੜਾ ਕਿ ਪੜ੍ਹਾਈ ਦੇ ਨਾਲ -ਨਾਲ ਵਿਦਿਆਰਥੀਆਂ ਨੂੰ ਅਨੇਕਾਂ ਪ੍ਰਕਾਰ ਦੀਆਂ ਗਤੀਵਿਧੀਆਂ ਸਮੇਂ-ਸਮੇਂ ਤੇ ਕਰਵਾਉਦਾ ਰਹਿੰਦਾ ਹੈ। ਇਸ ਦੇ ਚੱਲਦੇ ਹੋਏ ਜੂਨ ਮਹੀਨੇ ਵਿੱਚ ਵਿਦਿਆਰਥੀਆਂ ਲਈ ਦਸ ਰੋਜ਼ਾ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੀ ਸ਼ੁਰੂਆਤ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਦੀ ਦੇਖ-ਰੇਖ ਹੇਠ ਹੋਈ। ਕੈਂਪ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ ਸੀ। ਚੇਅਰਮੈਨ ਸਰਦਾਰ ਕੁਲਵੰਤ ਸਿੰਘ ਸੰਧੂ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਖੇਡਾਂ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ। ਸਕੂਲ ਦੇ ਤਜ਼ਰਬੇਕਾਰ ਕੋਚ ਮੈਡਮ ਪ੍ਰਕ੍ਰਿਤੀ,ਜਗਵਿੰਦਰ ਸਿੰਘ, ਸੁਰਿੰਦਰ ਸਿੰਘ,ਮਹੇਸ਼ ਕੁਮਾਰ, ਹਰਸ਼ਦੀਪ ਸਿੰਘ,ਜਿੰਦਰਪਾਲ ਸਿੰਘ, ਵੀਰਪਾਲ ਕੌਰ,ਮਨਵੀਰ ਸਿੰਘ ਅਤੇ ਚੰਦਨ ਦੀ ਦੇਖ-ਰੇਖ ਅਧੀਨ ਛੇਵੀਂ ਤੋਂ ਬਾਰ੍ਹਵੀਂ ਕਲਾਸ ਦੇ ਵਿਦਿਆਰਥੀ ਸਮਰ ਕੈਂਪ ਦੌਰਾਨ ਬਾਸਕਟ ਬਾਲ, ਨੈੱਟਬਾਲ,ਸਾਫਟ ਬਾਲ, ਬੈਡਮਿੰਟਨ, ਕ੍ਰਿਕਟ, ਟੇਬਲ ਟੈਨਿਸ, ਲਾਅਨ ਟੈਨਿਸ,ਚੈੱਸ, ਹਾਕੀ,ਕਰਾਟੇ ਅਤੇ ਐਥਲੈਟਿਕਸ ਆਦਿ ਖੇਡਾਂ ਵਿੱਚ ਭਾਗ ਲਿਆ ਲਿਆ। ਇਹਨਾਂ ਖੇਡਾਂ -ਖੇਡਦੇ ਹੋਏ ਕੈਂਪ ਦਾ ਭਰਭੂਰ ਆਨੰਦ ਮਾਣਿਆਂ। ਐੱਮ ਡੀ ਮੈਡਮ ਰਣਜੀਤ ਕੌਰ ਸੰਧੂ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਸਾਡੇ ਜੀਵਨ ਵਿੱਚ ਖੇਡਾਂ ਦੀ ਮਹੱਤਵਪੂਰਨ ਭੂਮਿਕਾ ਹੈ। ਜਿਵੇ ਸਾਡੇ ਲਈ ਹਵਾ, ਪਾਣੀ ਅਤੇ ਖੁਰਾਕ ਦੀ ਲੋੜ ਹੈ ਉਸੇ ਤਰ੍ਹਾਂ ਹੀ ਖੇਡਾਂ ਦੀ। ਇਹ ਸਾਡੇ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ। ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਕਿਹਾ ਕਿ ਕੈਂਪ ਵਿੱਚ ਵਿਦਿਆਰਥੀਆਂ ਦੀ ਪ੍ਰਤੀਭਾ ਨਿਖਰ ਕੇ ਆਉਂਦੀ ਹੈ। ਇਸ ਲਈ ਸਾਨੂੰ ਪੜ੍ਹਾਈ ਦੇ ਨਾਲ -ਨਾਲ ਇਸ ਤਰ੍ਹਾਂ ਦੇ ਕੈਂਪ ਵਿੱਚ ਵੀ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ।



# ਪੰਜਾਬ ਪੁਲਿਸ ਵੱਲੋਂ ਭਾਈਚਾਰਕ ਸ਼ਮੂਲੀਅਤ ਰਾਹੀਂ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਲਈ ਸਮਝੌਤਾ ਸਹੀਬੱਧ

**ਚੰਡੀਗੜ੍ਹ**

ਨੌਜਵਾਨਾਂ ਦੇ ਸਸ਼ਕਤੀਕਰਨ ਅਤੇ ਲੋਕ ਪੱਖੀ ਪੁਲਿਸਿੰਗ ਦੀ ਦਿਸ਼ਾ ਵੱਲ ਵੱਡਾ ਕਦਮ ਚੁੱਕਦਿਆਂ, ਪੰਜਾਬ ਪੁਲਿਸ ਦੇ ਕਮਿਊਨਿਟੀ ਅਫੇਅਰਜ਼ ਡਿਵੀਜ਼ਨ (ਸੀਏਡੀ) ਅਤੇ ਹਾਰਟੇਕ ਫਾਊਂਡੇਸ਼ਨ ਨੇ ਹੁਨਰ ਵਿਕਾਸ, ਕਾਊਂਸਲਿੰਗ, ਜਾਗਰੂਕਤਾ, ਸਮਰੱਥਾ-ਨਿਰਮਾਣ ਅਤੇ ਭਾਈਚਾਰਕ ਸ਼ਮੂਲੀਅਤ ਸਬੰਧੀ ਪ੍ਰੋਗਰਾਮਾਂ ਰਾਹੀਂ ਸੂਬੇ ਭਰ ਦੇ ਸੰਵਦੇਨਸ਼ੀਲ ਅਤੇ ਭਟਕ ਰਹੇ ਨੌਜਵਾਨਾਂ ਨੂੰ ਸ਼ਾਮਲ ਕਰਨ ਲਈ ਇੱਕ ਸਮਝੌਤਾ ਸਹੀਬੱਧ ਕੀਤਾ ਹੈ। ਇਸ ਸਮਝੌਤੇ 'ਤੇ ਅੱਜ ਇੱਥੇ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਮਿਊਨਿਟੀ ਅਫੇਅਰਜ਼ ਗੁਰਪ੍ਰੀਤ ਕੌਰ ਦਿਓ ਅਤੇ ਸੀਈਓ ਹਰਟੇਕ ਫਾਊਂਡੇਸ਼ਨ ਹਰਕੀਰਤ ਕੌਰ ਵੱਲੋਂ ਹਸਤਾਖਰ ਕੀਤੇ ਗਏ। ਇਹ ਰਣਨੀਤਕ ਭਾਈਵਾਲੀ ਨੌਜਵਾਨਾਂ ਦੀ ਸ਼ਮੂਲੀਅਤ ਸਬੰਧੀ ਚੱਲ ਰਹੀ ਯੁਵਾ ਸਾਂਝ ਪਹਿਲਕਦਮੀ ਲਈ ਇੱਕ ਸਹਿਯੋਗੀ ਯਤਨ ਵਜੋਂ ਸ਼ੁਰੂ ਕੀਤੀ ਗਈ ਹੈ। ਸਪੈਸ਼ਲ ਡੀਜੀਪੀ ਗੁਰਪ੍ਰੀਤ ਕੌਰ ਦਿਓ ਨੇ ਕਿਹਾ ਕਿ ਹਾਰਟੇਕ ਫਾਊਂਡੇਸ਼ਨ ਇਸ ਸਹਿਯੋਗ ਰਾਹੀਂ ਪੁਲਿਸ ਅਧਿਕਾਰੀਆਂ ਅਤੇ ਯੁਵਾ ਸਾਂਝ ਕਮੇਟੀਆਂ ਲਈ ਨਿਯਮਤ ਸਿਖਲਾਈ ਅਤੇ ਸਮਰੱਥਾ ਨਿਰਮਾਣ ਪ੍ਰੋਗਰਾਮ ਚਲਾ ਕੇ ਪ੍ਰੋਗਰਾਮ ਦੇ ਲਾਗੂਕਰਨ ਦੀ ਪ੍ਰਕਿਰਿਆ ਨੂੰ ਮਿਆਰੀ ਬਣਾਉਣ ਲਈ ਕਮਿਊਨਿਟੀ ਅਫੇਅਰਜ਼ ਡਿਵੀਜ਼ਨ ਦਾ ਸਮਰਥਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਕਦਮ ਢਾਂਚਾਗਤ ਅਤੇ ਪ੍ਰਭਾਵਸ਼ਾਲੀ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ ਸੂਬੇ ਭਰ ਵਿੱਚ ਪਹਿਲਕਦਮੀ ਦੀ ਪ੍ਰਭਾਵਸ਼ਾਲੀ ਅਤੇ ਸਮਾਨ ਸ਼ੁਰੂਆਤ ਲਈ ਵਿਆਪਕ ਰੋਡਮੈਪ ਵਜੋਂ ਕੰਮ ਕਰਨਗੇ। ਸਪੈਸ਼ਲ ਡੀਜੀਪੀ ਨੇ ਕਿਹਾ, ÷ਯੁਵਾ ਸਾਂਝ ਪਹਿਲਕਦਮੀ ਦਾ ਉਦੇਸ਼ ਪੁਲਿਸ ਅਤੇ ਨੌਜਵਾਨਾਂ ਖਾਸ ਕਰਕੇ ਉਨ੍ਹਾਂ ਲੋਕਾਂ ਲਈ ਜੋ ਖੁਦ ਨੂੰ ਅਲੱਗ ਜਾਂ ਕਮਜ਼ੋਰ ਮਹਿਸੂਸ ਕਰਦੇ ਹਨ, ਦਰਮਿਆਨ ਵਿਸ਼ਵਾਸ ਪੈਦਾ ਕਰਨਾ ਹੈ। ਇਸ ਮੰਚ ਰਾਹੀਂ, ਅਸੀਂ ਭਾਈਚਾਰਕ ਸ਼ਮੂਲੀਅਤ ਅਤੇ ਯੁਵਾ ਸਸ਼ਕਤੀਕਰਨ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ।÷ ਉਨ੍ਹਾਂ ਕਿਹਾ ਕਿ ਇਸ ਭਾਈਵਾਲੀ ਦਾ ਉਦੇਸ਼ ਸਮਾਵੇਸ਼ੀ, ਸੁਰੱਖਿਅਤ ਅਤੇ ਸ਼ਮੂਲੀਅਤ ਵਾਲੇ ਭਾਈਚਾਰਕ ਸਥਾਨ ਸਿਰਜ ਕੇ ਪੁਲਿਸ ਅਤੇ ਨੌਜਵਾਨਾਂ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।